# ਕਿਰਨਾਂ ਦਾ ਝੁਰਮਟ

ਗ਼ਜ਼ਲ-ਸੰਗ੍ਰਹਿ

# ਕਿਰਨਾਂ ਦਾ ਝੁਰਮਟ

— ਗ਼ਜ਼ਲ-ਸੰਗ੍ਰਹਿ —

ਅਨੂ ਬਾਲਾ

*Poetry / Punjanbi Poetry*

# Kirna Da Jhurmat

*by*

**Anu Bala**
Mohalla Roadiwala Shivala
Anandpur Sahib, Distt. Ropar-140118
Phone : 01887-233809, 094177-06558

Title by: Gurjinder Mahi

2008
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2008, Author*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਉਸ ਮਲੂਕ ਪੱਤੇ ਦੇ ਨਾਂ ਜਿਹੜਾ ਬੇਵਕਤ
ਸ਼ਾਖ਼ ਨਾਲੋਂ ਕਿਰ ਗਿਆ

# ਤਤਕਰਾ


| | | |
|---|---|---|
| * | ਅਹਿਸਾਸ ਭਰੀ ਸ਼ਾਇਰੀ | 8 |
| * | ਧੰਨਵਾਦ | 12 |
| * | ਕਾਲੇ ਹਨ੍ਹੇਰਿਆਂ ਵਿਚ ਚੰਨ ਦੀ ਨੁਹਾਰ, ਕਵਿਤਾ | 13 |
| * | ਮੈਂ ਹਰ ਇਕ ਫੁੱਲ 'ਚੋਂ ਤੇਰਾ ਹੀ ਚਿਹਰਾ ਭਾਲਦੀ ਕਿਉਂ ਹਾਂ | 14 |
| * | ਸਮੁੰਦਰ ਨੇ ਨਦੀ ਨੂੰ ਅਪਣੀ ਹਿੱਕ ਵਿਚ ਭਰ ਲਿਆ ਹੋਣਾ | 15 |
| * | ਬਿਨਾਂ ਮਿਲਣੇ ਤੋਂ ਹੀ ਵਿਛੜੇ ਮੇਰੀ ਪੂਜਾ ਤੇਰੇ ਮੰਦਰ | 16 |
| * | ਭਾਵੇਂ ਉਹ ਬੇਬਸ ਪਰਿੰਦੇ ਪਿੰਜਰੇ ਅੰਦਰ ਰਹੇ | 17 |
| * | ਰੁੱਖਾਂ ਸੰਗ ਮਸਤੀ ਵਿਚ ਹੋਵਣ ਜਦ ਮਸਰੂਫ਼ ਹਵਾਵਾਂ | 18 |
| * | ਦੇਵੇ ਭਾਵੇਂ ਜ਼ਖ਼ਮ ਝਾਂਜਰ ਜਾਂ ਬਣੇ ਕਾਤਿਲ ਡਗਰ | 19 |
| * | ਬੇਨਤੀ ਧੁੱਪਾਂ ਨੂੰ ਤਰਲੇ ਪੌਣ ਦੇ ਕਰਦੀ ਰਹੀ | 20 |
| * | ਕੌਣ ਹੈ ਜੋ ਤੁਰ ਰਿਹਾ ਹੈ ਜ਼ਿੰਦਗੀ ਦੇ ਨਾਲ਼-ਨਾਲ਼ | 21 |
| * | ਮੈਂ ਉਸ ਨੂੰ ਜਿਸਮ ਤੋਂ ਰੂਹ ਤੀਕ ਹੋ ਕੇ ਦੇਖਿਆ ਹੈ | 22 |
| * | ਮੇਰੇ ਵੀਰਾਨ ਦਿਲ ਵਿਚ ਜਦ ਵੀ ਤੇਰੀ ਯਾਦ ਆਉਂਦੀ ਹੈ | 23 |
| * | ਬੰਸਰੀ ਹਾਂ ਲਾ ਤੂੰ ਹੋਠੀਂ ਠਾਰ ਮੇਰੇ ਸਾਂਵਰੇ | 24 |
| * | ਇਸ ਤਰ੍ਹਾਂ ਹੀ ਪਿਆਰ ਦਾ ਕਰਜ਼ਾ ਅਦਾ ਕਰਦੀ ਰਹਾਂ | 25 |
| * | ਮੇਰਾ ਵੀ ਰੌਸ਼ਨੀ ਦੇ ਨਾਲ ਜੇ ਕੋਈ ਰਾਬਤਾ ਹੁੰਦਾ | 26 |
| * | ਯਾਦਾਂ ਦੇ ਬਾਗ਼ ਵਿਚ ਮੈਂ ਜਦ ਬੇਕਰਾਰ ਹੋਈ | 27 |
| * | ਇਸ਼ਕ ਦੇ ਇਲਜ਼ਾਮ 'ਤੇ ਜਾਂ ਹੰਝੂਆਂ ਦੇ ਜਾਮ 'ਤੇ | 28 |
| * | ਜੋ ਰੌਸ਼ਨੀ ਦੀ ਖ਼ਾਤਰ ਕਰਦਾ ਰਿਹਾ ਦੁਆਵਾਂ | 29 |
| * | ਸੀ ਇਹੋ ਹੀ ਹਿਜਰ-ਮਾਰੀ ਉਮਰ ਦੀ ਇਕ ਜੁਸਤਜੂ | 30 |
| * | ਪਰਵਾਜ਼ ਉਦੋਂ ਮੇਰੀ, ਮੇਰਾ ਸੀ ਗੁਨਾਹ ਹੋਈ | 31 |
| * | ਉਮਰ ਸਾਰੀ ਸੁਲਗਦੇ ਜਜ਼ਬਾਤ ਦਾ ਚਰਚਾ ਰਿਹਾ | 32 |
| * | ਮੇਰੀ ਤਕਦੀਰ ਵਿਚ ਨੇ ਦੂਰ ਤੱਕ ਬੰਜਰ ਅਤੇ ਸਹਿਰਾ | 33 |
| * | ਹੁਣ ਤਸੱਵਰ ਵਿਚ ਵੀ ਆਉਂਦਾ ਨਾ ਨਜ਼ਰ ਸੱਜਣ ਦਾ ਨੂਰ | 34 |
| * | ਪੌਣਾਂ 'ਚ ਜੋ ਨਸ਼ਾ ਹੈ, ਮਹਿਕਾਂ ਦੇ ਪਿਆਰ ਦਾ ਹੈ | 35 |
| * | ਕਿਸਮਤ 'ਚ ਮਾਰੂਥਲ ਅਤੇ ਬੰਜਰ ਲਿਖੇ ਗਏ | 36 |
| * | ਰੋਕ ਨਾ ਬੇਹਾਲ ਦਿਲ ਨੂੰ ਰੋਣ ਦੇ | 37 |
| * | ਗੁਨਾਹ ਕੀ ਹੋ ਗਿਆ ਜੇ ਪਿਆਰ ਬਦਲੇ ਪਿਆਰ ਮੈਂ ਮੰਗਿਆ | 38 |
| * | ਜੇ ਮੌਸਮ ਖ਼ੁਸ਼ਨੁਮਾ ਹੋਵੇ ਅਸੀਂ ਕਚਨਾਰ ਲਿਖਦੇ ਹਾਂ | 39 |
| * | ਫਿਰ ਨਾ ਮੈਨੂੰ ਜ਼ਾਲਿਮ ਨੇ ਸਿਰ ਉਠਾ ਕੇ ਦੇਖਿਆ | 40 |
| * | ਫ਼ਿਕਰ ਨਾ ਕਰ ਇਸ ਖ਼ਿਜ਼ਾਂ ਦਾ ਬੀਤ ਜਾਏਗੀ ਜ਼ਰੂਰ | 41 |
| * | ਬਣ ਕੇ ਚਿਰਾਗ਼ ਨ੍ਹੇਰ ਵਿਚ ਬਲਦੀ ਰਹੀ ਹਾਂ ਮੈਂ | 42 |
| * | ਪਿਆਰ ਤੇਰਾ ਕਹਿ ਗਿਆ ਹੈ ਜਦ ਤੋਂ ਮੈਨੂੰ ਅਲਵਿਦਾ | 43 |
| * | ਤਪਦਿਆਂ ਪੈਰਾਂ ਨੂੰ ਛਾਂ ਦੀ ਰਹਿਨੁਮਾਈ ਮਿਲ ਗਈ | 44 |

* ਖ਼ਿਜਾਂ ਦਾ ਕਹਿਰ ਹੈ ਕੈਸਾ ਕਿ ਹਰ ਪਾਸੇ ਉਦਾਸੀ ਹੈ 45
* ਮੇਰੇ ਅਹਿਸਾਸ ਦੇ ਫੁੱਲ ਹੁਣ ਅੰਗਾਰੇ ਹੋਣ ਲੱਗੇ ਨੇ 46
* ਸੋਚ ਵਿਚੋਂ ਭਖਦੀਆਂ ਚਿਣਗਾਂ ਚੁਰਾ ਕੇ ਲੈ ਗਿਆ 47
* ਬਹਾਰਾਂ ਦੀ ਸੁਹਾਣੀ ਰੁੱਤ ਵਿਚ ਦੇ ਖ਼ਾਰ ਨਾ ਮੈਨੂੰ 48
* ਉਮਰ ਦੇ ਹਰ ਮੋੜ ਤੋਂ ਕੋਈ ਨਜ਼ਾਰਾ ਮੰਗੀਏ 49
* ਮੇਰੇ ਘਰ ਵੀ ਆਇਆ ਹੈ ਝੋਂਕਾ ਹਵਾ ਦਾ 50
* ਤੇਰੇ ਨੈਣਾਂ ਦੀ ਮੈਕਸ਼ੀ ਖ਼ਾਤਿਰ 51
* ਕਿਸੇ ਦਾ ਜ਼ਿਕਰ ਹੋਠੀਂ ਆ ਗਿਆ ਵਗਦੀ ਹਵਾ ਵਾਂਗੂੰ 52
* ਜਦ ਭੇਤ ਹੋਇਆ ਜ਼ਾਹਿਰ ਪੱਕਿਆਂ ਚੁਬਾਰਿਆਂ ਦਾ 53
* ਮੈਂ ਦੀਵੇ ਵਾਂਗ ਤੇਰੇ ਨ੍ਹੇਰਿਆਂ ਵਿਚ ਬਾਵਫ਼ਾ ਹੋਵਾਂ 54
* ਹੋ ਗਏ ਹਾਂ ਆਪਣੇ ਸਾਹਾਂ ਤੋਂ ਹੀ ਜਦ ਬੇਖ਼ਬਰ 55
* ਤਪੇ ਏਦਾਂ ਹਯਾਤੀ ਇਸ ਤਰ੍ਹਾਂ ਮਜਬੂਰ ਹੋ ਜਾਵੇ 56
* ਤੇਰੀ ਇਕ ਝਲਕ ਦੀ ਸੱਜਣਾ ਜਦ ਦਿਲ ਅੰਦਰ ਚਾਹ ਹੁੰਦੀ ਹੈ 57
* ਪਤਾ ਕੀ ਸੀ ਮੁਹੱਬਤ ਬੇਬਸੀ ਦਾ ਨਾਮ ਹੁੰਦੀ ਹੈ 58
* ਕਿਵੇਂ ਉਹ ਪਿਆਰ ਦੇ ਨਗ਼ਮੇ ਨੂੰ ਏਨੇ ਸੋਜ਼ ਵਿਚ ਗਾਵੇ 59
* ਬੇਮੁਹਾਰੇ ਵਹਿਣ ਨੂੰ ਰੋਕੇ ਕਿਨਾਰਾ ਜਿਸ ਤਰ੍ਹਾਂ 60
* ਹੁਣ ਤੂੰ ਮਿਲ ਭਾਵੇਂ ਨਾ ਮਿਲ ਕਿ ਆਰਜ਼ੂ ਕੋਈ ਨਹੀਂ 61
* ਅਪਣੇ ਦਰਦ ’ਚ ਲੀਨ ਜਿਹੀ ਹਾਂ 62
* ਹਮਸਫ਼ਰ ਮੇਰਾ ਨਹੀਂ ਸੀ ਬੇਵਫ਼ਾ 63
* ਤੂੰ ਅਪਣੀ ਯਾਦ ਵਿਚ ਸੁਲਗਣ ਦੀ ਦਿੱਤੀ ਹੈ ਦੁਆ ਮੈਨੂੰ 64
* ਦੋਸਤੀ ਤੇਰੀ ਹੈ ਮੈਨੂੰ ਮਾਰੂਥਲ ਵਿਚ ਛਾਂ ਜਿਹੀ 65
* ਮੌਤ ਦੇ ਨਾਂ ਅਹਿਦਨਾਮਾ ਕਿੰਝ ਕਰਾਂ 66
* ਫੁੱਲਾਂ ਵਾਂਗੂੰ ਮਹਿਕਦੀ ਮੇਰੀ ਅਦਾ ਕੋਈ ਨਹੀਂ 67
* ਪਿਆਸ ਜੇ ਇਲਜ਼ਾਮ ਹੈ ਤਾਂ ਮੈਨੂੰ ਇਹ ਇਲਜ਼ਾਮ ਦੇ 68
* ਕਿਤੇ ਚੱਲਿਆ ਹੈ ਮਜ਼ਲੂਮਾਂ ’ਤੇ ਆਰਾ ਹੁਕਮਰਾਨਾਂ ਦਾ 69
* ਇਹੋ ਸ਼ਿਕਵਾ ਮੇਰੇ ਦਿਲ ਵਿਚ ਤੇਰੇ ਲਈ ਹਰ ਘੜੀ ਆਇਆ 70
* ਆਵੀਂ ਕਦੇ ਜੇ ਤੇਰਾ ਦਿਲ ਬੇਕਰਾਰ ਹੋਇਆ 71
* ਉਹ ਰਾਹਤ ਜੋ ਦਿਲ ਤੋਂ ਜੁਦਾ ਹੋ ਗਈ ਹੈ 72
* ਉਸ ਦੇ ਬਿਨ ਖੰਜਰ ਬਣੇ ਫੁੱਲਾਂ ਤੋਂ ਨਾਜ਼ੁਕ ਖ਼ਿਆਲ ਹੁਣ 73
* ਕਲੀਆਂ ਦੇ ਅਰਮਾਨ ਚੁਰਾ ਕੇ ਤੁਰ ਚੱਲਿਆ 74
* ਖਿੜੀ ਹੈ ਜੇ ਮੁਹੱਬਤ ਦੀ ਕਲੀ ਇਨਕਾਰ ਕਿਉਂ ਕਰੀਏ 75
* ਦਿਲ ਦੀ ਵੀਰਾਨਗੀ ਵਿਚ ਤੇਰਾ ਖ਼ਿਆਲ ਜੀਕਣ 76
* ਦਿਲ ਦੀ ਕਥਾ ਸਫ਼ਿਆਂ ’ਤੇ ਮੈਂ ਹਾਲੇ ਲਿਖੀ ਨਹੀਂ 77
* ਉੱਜੜੇ ਰਾਹਾਂ ਦੇ ਵਿਚ ਫਿਰਦੀ ਨਾਲ ਕਲੇਜੇ ਲਾਈ 78
* ਅੱਖੀਆਂ ਦੇ ਬਾਗ਼ ਸੁੰਨੇ ਫੁੱਲਾਂ ਦਾ ਖ਼ਾਬ ਦੇ ਦੇ 79
* ਟੁਕੜਾ-ਟੁਕੜਾ ਹੋ ਗਈ ਹੈ ਭਾਵੇਂ ਹਰ ਇਕ ਆਰਜ਼ੂ 80

# ਅਹਿਸਾਸ ਭਰੀ ਸ਼ਾਇਰੀ

ਬੇਸ਼ੱਕ ਅਜੇ ਵੀ ਕਦੇ-ਕਦਾਈਂ ਪੰਜਾਬੀ ਗ਼ਜ਼ਲ ਪ੍ਰਤੀ ਅਪ੍ਰਵਾਨਗੀ ਦੀ ਆਵਾਜ਼ ਸੁਣਾਈ ਦੇਂਦੀ ਹੈ ਪਰ ਪੰਜਾਬੀ ਗ਼ਜ਼ਲ ਹੁਣ ਇਕ ਅਜਿਹੇ ਮੁਕਾਮ 'ਤੇ ਪਹੁੰਚ ਗਈ ਹੈ, ਜਿੱਥੇ ਇਸ ਦੇ ਜ਼ਿਕਰ ਨੂੰ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚੋਂ ਖਾਰਜ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੇ ਅਜਿਹੇ ਖ਼ਿਆਲ, ਅੰਦਾਜ਼, ਭਾਵਨਾਵਾਂ ਤੇ ਧੁਨੀਆਂ ਹਨ ਜੋ ਸਿਰਫ਼ ਪੰਜਾਬੀ ਗ਼ਜ਼ਲ ਵਿਚ ਹੀ ਆਈਆਂ ਹਨ। 'ਸਿਰਫ਼' ਤੋਂ ਮੇਰਾ ਭਾਵ ਇਹ ਵੀ ਹੈ ਕਿ ਇਹ ਗੱਲਾਂ ਪੰਜਾਬੀ ਦੇ ਕਿਸੇ ਹੋਰ ਕਾਵਿ-ਰੂਪ ਵਿਚ ਨਹੀਂ ਆਈਆਂ ਤੇ ਇਹ ਵੀ ਹੈ ਕਿ ਇਹ ਹੋਰ ਭਾਸ਼ਾਵਾਂ ਦੇ ਗ਼ਜ਼ਲ-ਕਾਵਿ ਵਿਚ ਨਹੀਂ ਆਈਆਂ। ਪੰਜਾਬੀ ਗ਼ਜ਼ਲ ਨੇ ਇਨ੍ਹਾਂ ਦੋਹਾਂ ਪਹਿਲੂਆਂ ਤੋਂ ਆਪਣੀ ਵਿਲੱਖਣਤਾ ਤੇ ਸੁਲੱਖਣਤਾ ਕਮਾਈ ਹੈ। ਉਰਦੂ ਗ਼ਜ਼ਲ ਦੀ ਨਫ਼ਾਸਤ, ਲਤਾਫ਼ਤ ਤੇ ਹੋਰ ਬਹੁਤ ਸਾਰੇ ਗੁਣਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਉਰਦੂ ਗ਼ਜ਼ਲ ਦਾ ਮੁਕਾਮ ਰਸ਼ਕ ਦੇ ਕਾਬਲ ਹੈ ਪਰ ਇਹ ਵੀ ਗੱਲ ਸਹੀ ਹੈ ਕਿ ਪੰਜਾਬੀ ਗ਼ਜ਼ਲ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਸ ਦਾ ਪੰਜਾਬੀਪਨ, ਇਸ ਦੀ ਕੁਦਰਤ ਨਾਲ ਸਾਂਝ, ਇਸ ਵਿਚਲਾ ਲੋਕ-ਤੱਤ ਪੰਜਾਬੀ

ਗ਼ਜ਼ਲ ਦਾ ਵੱਖਰਾ  ਜੀਅ ਜਾਮਾ ਤੇ ਨੁਹਾਰ ਬਣਾਉਂਦਾ ਹੈ। ਪੰਜਾਬੀ ਗ਼ਜ਼ਲ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਲਈ ਨਾਰੀ ਗ਼ਜ਼ਲਕਾਰਾਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਸਬੰਧ ਵਿਚ ਖ਼ਾਸ ਤੌਰ 'ਤੇ ਸੁਖਵਿੰਦਰ ਅੰਮ੍ਰਿਤ, ਸੁਰਜੀਤ ਸਖੀ, ਕੁਲਦੀਪ ਕਲਪਨਾ ਤੇ ਕਮਲ ਇਕਾਰਸ਼ੀ ਦਾ ਨਾਮ ਲਿਆ ਜਾ ਸਕਦਾ ਹੈ। ਸੁਰਿੰਦਰਜੀਤ ਕੌਰ, ਗੁਰਚਰਨ ਕੌਰ ਕੋਚਰ, ਸੁਦਰਸ਼ਨ ਵਾਲੀਆ, ਰੁਬੀਨਾ ਸ਼ਬਨਮ, ਨਾਜ਼, ਸੰਧਾਵਾਲੀਆ ਤੇ ਕੁਲਜੀਤ ਗ਼ਜ਼ਲ ਵੀ ਇਸੇ ਰਾਹ ਦੀਆਂ ਮੁਸਾਫ਼ਰ ਹਨ।

ਅਨੂ ਬਾਲਾ ਇਸ ਡਾਰ ਵਿਚ ਸਭ ਤੋਂ ਨਵਾਂ ਨਾਮ ਹੈ, ਜਿਸ ਨੇ ਆਪਣੇ ਪਹਿਲੇ ਗ਼ਜ਼ਲ-ਸੰਗ੍ਰਹਿ 'ਕਿਰਨਾਂ ਦਾ ਝੁਰਮਟ' ਨਾਲ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਅਨੂ ਬਾਲਾ ਦੀਆਂ ਗ਼ਜ਼ਲਾਂ ਪੜ੍ਹਦਿਆਂ ਉਸਦੀ ਰਵਾਨੀ, ਬਿੰਬ-ਸਿਰਜਣਾ ਤੇ ਮੌਲਿਕਤਾ ਪ੍ਰਭਾਵਿਤ ਕਰਦੀ ਹੈ :

ਮੈਂ ਹਰ ਇਕ ਫੁੱਲ 'ਚੋਂ ਤੇਰਾ ਹੀ ਚਿਹਰਾ ਭਾਲਦੀ ਕਿਉਂ ਹਾਂ  
ਤੇ ਆਉਂਦੀ ਹੈ ਜਦੋਂ ਵੀ ਯਾਦ ਤੇਰੀ ਟਾਲਦੀ ਕਿਉਂ ਹਾਂ  
ਮਿਟਾ ਦੇਵਾਂ ਬਣਾ ਕੇ ਰੇਤ ਵਿਚ ਮੈਂ ਤੇਰੀ ਸੂਰਤ ਨੂੰ  
ਤੇ ਦਿਲ ਦੀ ਧਰਤ ਵਿਚ ਮੈਂ ਓਸ ਨੂੰ ਸੰਭਾਲਦੀ ਕਿਉਂ ਹਾਂ

ਹਰ ਫੁੱਲ 'ਚੋਂ ਚਿਹਰਾ ਭਾਲਣਾ ਪਰ ਉਸ ਦੀ ਯਾਦ ਨੂੰ ਟਾਲਣਾ ਰੇਤ ਉਤੇ ਕਿਸੇ ਦੀ ਤਸਵੀਰ ਬਣਾਉਣੀ, ਉਸ ਨੂੰ ਮਿਟਾ ਦੇਣਾ ਤੇ ਦਿਲ ਦੀ ਧਰਤੀ ਵਿਚ ਉਸ ਨੂੰ...ਇਕ ਅਜਿਹੀ ਮਨੋਸਥਿਤੀ ਦਾ ਬਿਆਨ ਹੈ, ਜੋ ਸਾਡੇ ਸਮਾਜ ਵਿਚ ਜਿਊਂਦੀ ਅਹਿਸਾਸ ਭਰੀ ਔਰਤ ਦੀ ਵਿਸ਼ੇਸ਼ ਮਨੋਸਥਿਤੀ ਹੈ। ਇਸ ਸਥਿਤੀ ਦਾ ਜ਼ਿਕਰ ਅਨੂ ਬਾਲਾ ਦੇ ਕੁਝ ਹੋਰ ਸ਼ੇਅਰਾਂ ਵਿਚ ਵੀ ਆਉਂਦਾ ਹੈ :

ਭਾਵੇਂ ਉਹ ਬੇਬੱਸ ਪਰਿੰਦੇ ਪਿੰਜਰੇ ਅੰਦਰ ਰਹੇ  
ਛਟਪਟਾਉਂਦੇ ਪਰ ਉਡਾਰੀ ਦੀ ਤੜਪ ਵਿਚ ਪਰ ਰਹੇ

ਉਹ ਤਾਂ ਅਪਣੇ ਮਾਲਕਾਂ ਦੇ ਹੱਥ ਵਿਚ ਮਜਬੂਰ ਸਨ  
ਪਾਕ ਹਿਰਦੇ ਵਿਚ ਉਤਰ ਕੇ ਤੜਪਦੇ ਖੰਜਰ ਰਹੇ

ਅਨਿਆਂ, ਸ਼ਕਤੀ ਤੇ ਜਬਰ ਵਾਲੇ ਸਮਾਜ ਵਿਚ ਕਵਿਤਾ ਦੇ ਰੋਲ ਬਾਰੇ ਅਨੂ ਬਾਲਾ ਸੁਚੇਤ ਹੈ ਤੇ ਇਕ ਮੁਸਲਸਲ ਗ਼ਜ਼ਲ ਵਿਚ ਇਸ ਦਾ ਬਿਆਨ ਕਰਦੀ ਹੈ :

ਕਾਲ਼ੇ ਹਨੇਰਿਆਂ ਵਿਚ ਚੰਨ ਦੀ ਨੁਹਾਰ, ਕਵਿਤਾ  
ਮੱਸਿਆ 'ਚ ਦੀਵਿਆਂ ਦੀ ਲੰਮੀ ਕਤਾਰ, ਕਵਿਤਾ

ਪੱਤਝੜ ਦੀ ਰੁੱਤ 'ਚ ਆਏ ਬਣ ਕੇ ਬਹਾਰ, ਕਵਿਤਾ
ਬੇਚੈਨ ਮੌਸਮਾਂ ਵਿਚ ਦਿਲ ਦਾ ਕਰਾਰ, ਕਵਿਤਾ

ਹਰ ਪਾਪ ਹਰ ਬਦੀ ਨੂੰ ਦਿੰਦੀ ਨਿਤਾਰ, ਕਵਿਤਾ
ਮੇਰੇ ਦਿਲ 'ਚ ਵਹਿ ਰਹੀ ਹੈ ਗੰਗਾ ਦੀ ਧਾਰ, ਕਵਿਤਾ

ਪਰ ਏਸੇ ਹੀ ਗ਼ਜ਼ਲ ਦਾ ਆਖ਼ਰੀ ਮਾਰਮਿਕ ਸ਼ੇਅਰ :

ਸਮਿਆਂ ਦਾ ਖ਼ੌਫ਼ ਇਸ ਨੂੰ ਹੋਠੀਂ ਨਾ ਆਉਣ ਦਿੰਦਾ
ਮੇਰੀ ਕੁੱਖ 'ਚ ਮਰ ਰਹੀ ਹੈ ਕੰਜਕ ਕੁਆਰ, ਕਵਿਤਾ

ਸਾਡੀ ਸਮਾਜਕ ਤੇ ਰਾਜਨੀਤਕ ਸਥਿਤੀ ਦੀ ਵਿਕਰਾਲਤਾ ਵੱਲ ਵੀ ਸੰਕੇਤ ਕਰਦਾ ਹੈ। ਤੇ ਏਸੇ ਵਿਕਰਾਲਤਾ ਕਾਰਨ ਕੁੱਖਾਂ ਵਿਚ ਹੋ ਰਹੀ ਕੰਜਕਾਂ ਦੀ ਭਰੂਣ ਹੱਤਿਆ ਨੂੰ ਵੀ ਵਿਅੰਜਿਤ ਕਰਦਾ ਹੈ। ਇਹ ਬੇਬਸੀ ਕੁੱਖ ਤੋਂ ਲੈ ਕੇ ਗੁਰਦੁਆਰਿਆਂ, ਮਸਜਿਦਾਂ, ਮੰਦਰਾਂ ਤੱਕ ਪੱਸਰੀ ਹੋਈ ਹੈ। ਸ਼ਕਤੀਸ਼ਾਲੀ ਲੋਕ ਆਪਣੀ ਸ਼ਕਤੀ ਨੂੰ ਕਾਇਮ ਰੱਖਣ ਲਈ ਕਿਸੇ ਵੀ ਕਦਰ, ਕੀਮਤ ਨੂੰ ਮਿੱਧ ਕੇ ਅੱਗੇ ਨਿਕਲ ਸਕਦੇ ਹਨ। ਇਸ ਸਥਿਤੀ ਵਿਚ ਆਮ ਇਨਸਾਨ ਹਿਜਰ ਹੰਢਾਉਂਦਾ ਹੈ ਤੇ ਆਪਣੀ ਜ਼ਿੰਦਗੀ ਦੇ ਮਨੋਰਥ ਤੇ ਆਪਣੀ ਆਸਥਾ ਪ੍ਰਤੀ ਵੀ ਸੰਦੇਹਸ਼ੀਲ ਹੋ ਜਾਂਦਾ ਹੈ :

ਬਿਨਾਂ ਮਿਲਣੇ ਤੋਂ ਹੀ ਵਿਛੜੇ ਮੇਰੀ ਪੂਜਾ ਤੇਰੇ ਮੰਦਰ
ਨਹੀਂ ਸ਼ਾਇਦ ਸੀ ਕੋਈ ਖਿੱਚ ਮੇਰੀ ਆਸਥਾ ਅੰਦਰ

ਨਹੀਂ ਮੁਸਕਾਨ ਦੀ ਸੀਮਾ ਤੇਰੇ ਚਿਹਰੇ ਤੋਂ ਮਿਥ ਹੁੰਦੀ
ਨਹੀਂ ਉਹ ਜ਼ਖ਼ਮ ਦਿਸਦੇ ਰਿਸ ਰਹੇ ਜੋ ਅੰਦਰੇ ਅੰਦਰ

ਹੁਣੇ ਤੂੰ ਦਰਦ ਦੇ ਸਹਿਰਾ ਤੇ ਗਿਣਦਾ ਏਂ ਕਦਮ ਸੜਦੇ
ਅਜੇ ਤਾਂ ਉਮਰ ਕੱਟਣੀ ਹੈ ਗ਼ਮਾਂ ਦੇ ਕਾਰਵਾਂ ਅੰਦਰ

ਇਸੇ ਗ਼ਜ਼ਲ ਦੇ ਆਖ਼ਰੀ ਸ਼ੇਅਰ ਵਿਚ ਅਨੂ ਬਾਲਾ ਭਵਿੱਖ ਪ੍ਰਤੀ ਆਪਣੀ ਆਸਥਾ ਨੂੰ ਬਹੁਤ ਖ਼ੂਬਸੂਰਤੀ ਨਾਲ ਮੂਰਤੀਮਾਨ ਕਰਦੀ ਹੈ। ਸਮਾਜ ਨੂੰ ਬਦਲਣ ਦੀ ਲੋੜ ਅਸੀਂ ਉਦੋਂ ਹੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਾਂ ਜਦੋਂ ਅਸੀਂ ਕਿਸੇ ਦੁੱਖ ਵਿਚੋਂ ਲੰਘਦੇ ਹਾਂ। ਅਨੂ ਬਾਲਾ ਲਿਖਦੀ ਹੈ :

ਉਸੇ ਦੀ ਚੀਸ ਹੁਣ ਉਖੜੇ ਪਲਾਂ ਨੂੰ ਸੇਧ ਦੇਵੇਗੀ
ਮੇਰੇ ਸੀਨੇ 'ਚ ਖੁੱਭਿਆ ਸੀ ਉਹ ਜਿਹੜਾ ਲਿਸ਼ਕਦਾ ਖੰਜਰ

ਅਨੂ ਬਾਲਾ ਦੀਆਂ ਗ਼ਜ਼ਲਾਂ ਦੀ ਖ਼ੂਬਸੂਰਤੀ ਤੇ ਸੱਜਰਾਪਨ ਇਸ ਗੱਲ ਵਿਚ ਵੀ ਹੈ ਕਿ ਉਸ ਨੇ ਨਵੀਂ ਪੰਜਾਬੀ ਗ਼ਜ਼ਲ ਦੇ ਮੁਹਾਵਰੇ ਨੂੰ ਆਪਣੇ ਵਿਚ ਸਮੋਇਆ ਹੈ ਤੇ ਇਸ ਗੱਲ ਵਿਚ ਵੀ ਕਿ ਉਸਨੇ ਆਪਣੀਆਂ ਅੰਤਰੀਵ ਭਾਵਨਾਵਾਂ ਨੂੰ ਜ਼ਬਾਨ ਦਿਤੀ ਹੈ। ਉਨ੍ਹਾਂ ਗੱਲਾਂ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਨਹੀਂ ਬਣਾਇਆ ਜੋ ਉਸ ਦੇ ਅਨੁਭਵ-ਖੇਤਰ ਦਾ ਹਿੱਸਾ ਨਹੀਂ ਹਨ। ਉਸ ਦੀਆਂ ਦੋ ਗ਼ਜ਼ਲਾਂ ਦੇ ਸ਼ੇਅਰ ਹਨ :

ਬੇਨਤੀ ਧੁੱਪਾਂ ਨੂੰ ਤਰਲੇ ਪੌਣ ਦੇ ਕਰਦੀ ਰਹੀ
ਫੁੱਲ ਦੀ ਰਾਖੀ ਲਈ ਮੈਂ ਸੌ ਸੌ ਦੁਖ ਜਰਦੀ ਰਹੀ

ਦੀਵਿਆਂ ਦੇ ਸ਼ਹਿਰ ਮੈਥੋਂ ਪੈਰ ਨਾ ਪਾਇਆ ਗਿਆ
ਦਿਲ ਹੀ ਦਿਲ ਵਿਚ ਰੌਸ਼ਨੀ ਦੀ ਕਾਮਨਾ ਕਰਦੀ ਰਹੀ

ਤੇਰੇ ਵਾਂਗੂੰ ਬਣ ਸਕੀ ਨਾ ਮੈਂ ਚੁਰਾਹੇ ਦਾ ਚਿਰਾਗ਼
ਬਣ ਕੇ ਜੁਗਨੂੰ ਜਗਣ ਦੀ ਕੋਸ਼ਿਸ਼ ਸਦਾ ਕਰਦੀ ਰਹੀ

ਬਾਪ ਦੀ ਪਗੜੀ ਦਾ ਮੇਰੀ ਮਾਂ ਨੇ ਦਿੱਤਾ ਵਾਸਤਾ
ਬਸ ਇਸੇ ਲਈ ਸੁਪਨਿਆਂ ਨੂੰ ਕਤਲ ਮੈਂ ਕਰਦੀ ਰਹੀ

✡

ਘਟਾ ਬਿਨ ਬਰਸਿਆਂ ਦਮ ਤੋੜ ਦੇਵੇ ਜਦ ਥਲਾਂ ਅੰਦਰ
ਤਾਂ ਸੁੱਕ ਜਾਂਦੇ ਨੇ ਮੇਰੀ ਆਸ ਦੇ ਬੂਟੇ ਪਲਾਂ ਅੰਦਰ

ਮੇਰੀ ਖ਼ਾਹਿਸ਼ ਮੇਰੀ ਔਕਾਤ ਅੰਦਰ ਦਫ਼ਨ ਹੋ ਜਾਂਦੀ
ਤੇ ਮੇਰੇ ਖ਼ਾਬ ਡੁਬ ਜਾਂਦੇ ਨੇ ਨੈਣਾਂ ਦੇ ਜਲਾਂ ਅੰਦਰ

ਸਮੁੰਦਰੋਂ ਪਾਰ ਵਸਦਾ ਮੋਹ ਜਦੋਂ ਚੇਤੇ 'ਚ ਆ ਜਾਂਦਾ
ਮੁਹੱਬਤ ਦੀ ਨਦੀ ਇਕ ਉਤਰ ਆਉਂਦੀ ਆਂਚਲਾਂ ਅੰਦਰ

ਅਨੂ ਬਾਲਾ ਦੀਆਂ ਗ਼ਜ਼ਲਾਂ ਕਵਿਤਾ ਦੇ ਪਾਠਕ ਦਾ ਧਿਆਨ ਖਿੱਚਣਗੀਆਂ ਤੇ ਇਨ੍ਹਾਂ ਨੂੰ ਪੜ੍ਹਦਿਆਂ ਪਾਠਕ ਇਨ੍ਹਾਂ ਦੀ ਕਾਵਿਕਤਾ ਦੁਆਰਾ ਜ਼ਰੂਰ ਟੁੰਬੇ ਜਾਣਗੇ, ਮੈਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੈ। ਆਪਣੇ ਪਹਿਲੇ ਹੀ ਗ਼ਜ਼ਲ-ਸੰਗ੍ਰਹਿ ਨੂੰ ਏਨਾ ਸਾਰਥਕ ਬਣਾਉਣ ਲਈ ਮੈਂ ਅਨੂ ਬਾਲਾ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਪੂਰਨ ਆਸ ਹੈ ਕਿ ਅਨੂ ਦੀ ਲਗਨ, ਸਰੋਦੀਪਨ, ਮੌਲਿਕਤਾ, ਰਵਾਨੀ, ਭਾਵਨਾ ਤੇ ਸੋਚ ਉਸ ਨੂੰ ਸ਼ਾਇਰੀ ਦੀਆਂ ਹੋਰ ਬੁਲੰਦੀਆਂ ਤੱਕ ਲੈ ਜਾਵੇਗੀ।

**—ਸੁਰਜੀਤ ਪਾਤਰ**

# ਧੰਨਵਾਦ

ਮੈਂ ਸ਼ੁਕਰਗੁਜ਼ਾਰ ਹਾਂ ਕਵਿਤਾ ਦੇ ਅੰਬਰ ਉੱਤੇ ਲਿਸ਼ਕਦੇ ਸੂਰਜ ਸੁਰਜੀਤ ਪਾਤਰ ਜੀ ਦੀ, ਜਿਨ੍ਹਾਂ ਦੇ ਚਾਨਣ ਦੇ ਪ੍ਰਭਾਵ ਸਦਕਾ ਮੇਰੇ ਦਿਲ ਵਿੱਚ ਕਵਿਤਾ ਦੀ ਜੋਤ ਜਗਮਗ ਹੋ ਉੱਠੀ। ਮੈਂ ਸੁਖਵਿੰਦਰ ਅੰਮ੍ਰਿਤ ਜੀ ਦੀ ਵੀ ਤਹਿ-ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਕਵਿਤਾ ਦੀ ਮਹੀਨ ਜਿਹੀ ਡਗਮਗਾਂਦੀ ਲਾਟ ਨੂੰ ਲਟ ਲਟ ਕਰਕੇ ਜਗਣਾ ਸਿਖਾਇਆ ਅਤੇ ਮੈਨੂੰ ਕਵਿਤਾ ਦੀਆਂ ਗਲੀਆਂ ਵਿਚ ਮੜਕ ਨਾਲ ਤੁਰਨ ਦੀ ਜਾਚ ਦੱਸੀ।

ਮੈਂ ਆਪਣੇ ਹਮਸਫ਼ਰ ਸ੍ਰੀ ਰਾਕੇਸ਼ ਕੁਮਾਰ ਜੀ ਦੀ ਵੀ ਧੰਨਵਾਦੀ ਹਾਂ ਕਿ ਉਹਨਾਂ ਨੇ ਮੇਰੀ ਕਾਵਿਕ ਖ਼ਾਹਿਸ਼ ਨੂੰ ਖਿੜੇ ਮੱਥੇ ਸਵੀਕਾਰਿਆ ਅਤੇ ਮੇਰੇ ਰਾਹਾਂ ਦੀਆਂ ਮੁਸ਼ਕਿਲਾਂ ਨੂੰ ਆਸਾਨ ਕੀਤਾ।

✬

ਕਾਲੇ ਹਨ੍ਹੇਰਿਆਂ ਵਿਚ ਚੰਨ ਦੀ ਨੁਹਾਰ, ਕਵਿਤਾ
ਮੱਸਿਆ ’ਚ ਦੀਵਿਆਂ ਦੀ ਲੰਮੀ ਕਤਾਰ, ਕਵਿਤਾ

ਥੋਹਰਾਂ ਤੇ ਕੰਡਿਆਂ ਵਿਚ ਫੁੱਲਾਂ ਦਾ ਹਾਰ, ਕਵਿਤਾ
ਸੜਦੀ ਜ਼ਮੀਂ ’ਤੇ ਨਿਰਮਲ ਪਾਣੀ ਦੀ ਧਾਰ, ਕਵਿਤਾ

ਪਤਝੜ ਦੀ ਰੁੱਤ ’ਚ ਆਵੇ ਬਣ ਕੇ ਬਹਾਰ, ਕਵਿਤਾ
ਬੇਚੈਨ ਮੌਸਮਾਂ ਵਿਚ ਦਿਲ ਦਾ ਕਰਾਰ, ਕਵਿਤਾ

ਹਰ ਪਾਪ, ਹਰ ਬਦੀ ਨੂੰ ਦਿੰਦੀ ਨਤਾਰ, ਕਵਿਤਾ
ਮੇਰੇ ਦਿਲ ’ਚ ਵਹਿ ਰਹੀ ਜੋ ਗੰਗਾ ਦੀ ਧਾਰ, ਕਵਿਤਾ

ਸਾਹਾਂ ’ਚ ਸੁਰ ਸਜਾਂਦੀ ਵੀਣਾ ਦੀ ਤਾਰ, ਕਵਿਤਾ
ਫ਼ੁਰਸਤ ’ਚ ਸ਼ਾਇਰਾਂ ਦੇ ਦਿਲ ਦੀ ਸਿਤਾਰ, ਕਵਿਤਾ

ਬਣ ਕੇ ਦੁਆ ਖੜ੍ਹੀ ਹੈ ਤੇਰੇ ਹੀ ਦੁਆਰ, ਕਵਿਤਾ
ਸੁਪਨੇ ’ਚ ਵੀ ਰਹੀ ਹੈ ਤੈਨੂੰ ਪੁਕਾਰ, ਕਵਿਤਾ

ਕਰਦੀ ਜ਼ਮੀਂ ਨੂੰ ਰੌਸ਼ਨ ਅੰਬਰ ’ਚ ਸਜ ਰਹੀ ਹੈ
ਰਾਤਾਂ ਨੂੰ ਤਾਰਿਆਂ ਦਾ ਕਰ ਕੇ ਸ਼ਿੰਗਾਰ, ਕਵਿਤਾ

ਦਿਲ ਵਿਚ ਹੀ ਸੁਲਗਦੀ ਹਾਂ, ਕਾਗਜ਼ ’ਤੇ ਆ ਸਕੀ ਨਾ
ਲਫ਼ਜ਼ਾਂ ’ਚ ਧੜਕਦੀ ਹਾਂ ਤੇਰੀ ਮੈਂ ਪਿਆਰ, ਕਵਿਤਾ

ਇਹ ਰੂਹ ਦੀ ਖ਼ਾਲੀ ਕੈਨਵਸ ਹੈ ਇੰਤਜ਼ਾਰ ਕਰਦੀ
ਉਤਰੇਗੀ ਕਦ ਪਹਿਨ ਕੇ ਰੰਗਾਂ ਦਾ ਹਾਰ, ਕਵਿਤਾ

ਸਮਿਆਂ ਦਾ ਖ਼ੌਫ਼ ਇਸ ਨੂੰ ਹੋਠੀਂ ਨ ਆਉਣ ਦਿੰਦਾ
ਮੇਰੀ ਕੁੱਖ ’ਚ ਮਰ ਰਹੀ ਹੈ ਕੰਜਕ ਕੁਆਰ, ਕਵਿਤਾ

٭

ਮੈਂ ਹਰ ਇਕ ਫੁੱਲ 'ਚੋਂ ਤੇਰਾ ਹੀ ਚਿਹਰਾ ਭਾਲਦੀ ਕਿਉਂ ਹਾਂ
ਤੇ ਆਉਂਦੀ ਹੈ ਜਦੋਂ ਵੀ ਯਾਦ ਤੇਰੀ, ਟਾਲਦੀ ਕਿਉਂ ਹਾਂ

ਮਿਟਾ ਦੇਵਾਂ ਬਣਾ ਕੇ ਰੇਤ ਵਿਚ ਮੈਂ ਤੇਰੀ ਸੂਰਤ ਨੂੰ
ਤੇ ਦਿਲ ਦੀ ਧਰਤ ਵਿਚ ਮੈਂ ਓਸ ਨੂੰ ਸੰਭਾਲਦੀ ਕਿਉਂ ਹਾਂ

ਜੋ ਦੀਵਾ ਜਗ ਰਿਹਾ ਹੁੰਦਾ ਹੈ ਮੇਰਾ ਹਮਸਫ਼ਰ ਬਣ ਕੇ
ਮੈਂ ਉਸ ਦੀ ਲਾਟ ਵਿਚ ਦਿਲ ਆਪਣੇ ਨੂੰ ਜਾਲਦੀ ਕਿਉਂ ਹਾਂ

ਮੇਰੇ ਹਾਸੇ, ਮੇਰੇ ਸੁਪਨੇ ਸੀ ਜਿੱਥੇ ਰੁਲ਼ ਗਏ ਇਕ ਦਿਨ
ਸਫ਼ਰ ਦੇ ਮੋੜ ਵਿਚ ਉਹ ਹਾਦਸਾ ਫਿਰ ਭਾਲਦੀ ਕਿਉਂ ਹਾਂ

ਗੁਜ਼ਾਰੇ ਵਕਤ 'ਚੋਂ ਜਦ ਦਰਦ ਮਿਲਦਾ ਹੈ ਸਦਾ ਮੈਨੂੰ
ਤਾਂ ਆਪਣੇ ਚੇਤਿਆਂ ਵਿਚ ਨਕਸ਼ ਤੇਰੇ ਖ਼ਿਆਲਦੀ ਕਿਉਂ ਹਾਂ

ਮੇਰੇ ਦਿਲ ਦੀ ਨਜ਼ਾਕਤ ਨੂੰ ਜੋ ਸੱਜਰਾ ਜ਼ਖ਼ਮ ਦੇ ਦੇਵੇ
ਜੋ ਖੁਭ ਜਾਵੇ ਕਲੇਜੇ ਵਿਚ ਉਹ ਖੰਜਰ ਭਾਲਦੀ ਕਿਉਂ ਹਾਂ

ਸਮੁੰਦਰ ਨੇ ਨਦੀ ਨੂੰ ਅਪਣੀ ਹਿੱਕ ਵਿਚ ਭਰ ਲਿਆ ਹੋਣਾ
ਪਿਆਸਾ ਥਲ ਨਦੀ ਖ਼ਾਤਿਰ ਬਹੁਤ ਹੀ ਤੜਪਿਆ ਹੋਣਾ

ਜੁ ਅੱਧੀ ਰਾਤ ਉਗ਼ਮੇ ਨੇ ਮੇਰੇ ਸੀਨੇ 'ਚੋਂ ਇਹ ਨਗ਼ਮੇ
ਕਿਤੇ ਦਿਲ ਦੀ ਡੂੰਘਾਈ ਵਿਚ ਸਵੇਰਾ ਜਗ ਪਿਆ ਹੋਣਾ

ਮੇਰੇ ਮੱਥੇ 'ਚੋਂ ਝਰਦਾ ਹੈ ਇਹ ਜੋ ਚਾਨਣ ਜਿਹਾ ਕੋਈ
ਮੈਂ ਸੁਪਨੇ ਵਿਚ ਤੇਰੀ ਸਰਦਲ 'ਤੇ ਸਿਜਦਾ ਕਰ ਲਿਆ ਹੋਣਾ

ਹਵਾਵਾਂ 'ਚੋਂ ਨਿਕਲ ਖ਼ੁਸ਼ਬੂ, ਮੇਰੇ ਸੀਨੇ ਨੂੰ ਆ ਲੱਗੀ
ਮੇਰੀ ਡਾਲੀ 'ਤੇ ਕੋਈ ਪਿਆਰ ਦਾ ਫੁੱਲ ਖਿੜ ਗਿਆ ਹੋਣਾ

ਮੇਰੇ ਵੀਰਾਨ ਰਸਤੇ ਵਿਚ ਇਹ ਅੱਜ ਕਲੀਆਂ ਦਾ ਝੁਰਮਟ ਹੈ
ਮਸੀਹਾ ਮੇਰੇ ਰਾਹਾਂ ਵਿਚ ਕਦਮ ਕੁਝ ਧਰ ਗਿਆ ਹੋਣਾ

ਹੈ ਕਿਉਂ ਦੀਵੇ ਦੇ ਦਿਲ 'ਤੇ ਜ਼ਖ਼ਮ, ਨੈਣੋਂ ਕਿਰ ਰਹੇ ਹੰਝੂ
ਕੋਈ ਹਥਿਆਰ ਹੀ 'ਨ੍ਹੇਰੇ ਨੇ ਐਸਾ ਵਰਤਿਆ ਹੋਣਾ

✵

ਬਿਨਾਂ ਮਿਲਣੇ ਤੋਂ ਹੀ ਵਿਛੜੇ ਮੇਰੀ ਪੂਜਾ ਤੇਰੇ ਮੰਦਰ
ਨਹੀਂ ਸ਼ਾਇਦ ਸੀ ਕੋਈ ਖਿੱਚ ਮੇਰੀ ਆਸਥਾ ਅੰਦਰ

ਨਹੀਂ ਮੁਸਕਾਨ ਦੀ ਸੀਮਾ ਤੇਰੇ ਚਿਹਰੇ ਤੋਂ ਮਿਥ ਹੁੰਦੀ
ਨਹੀਂ ਉਹ ਜ਼ਖ਼ਮ ਦਿਸਦੇ ਰਿਸ ਰਹੇ ਜੋ ਅੰਦਰੇ-ਅੰਦਰ

ਇਹ ਕਿਸ ਦੀ ਤੇਹ ਜੋ ਕਣ-ਕਣ ਹੋ ਕੇ ਕੋਹਾਂ ਤੀਕ ਪੱਸਰੀ ਹੈ
ਸਮੁੰਦਰ ਕਤਰਾ-ਕਤਰਾ ਬਰਸਦਾ ਮਾਰੂਥਲਾਂ ਅੰਦਰ

ਹੁਣੇ ਤੂੰ ਦਰਦ ਦੇ ਸਹਿਰਾ ਤੇ ਗਿਣਦਾ ਏਂ ਕਦਮ ਸੜਦੇ
ਅਜੇ ਤਾਂ ਉਮਰ ਕੱਟਣੀ ਹੈ ਗ਼ਮਾਂ ਦੇ ਕਾਰਵਾਂ ਅੰਦਰ

ਉਸੇ ਦੀ ਚੀਸ ਹੁਣ ਉਖੜੇ ਪਲਾਂ ਨੂੰ ਸੇਧ ਦੇਵੇਗੀ
ਮੇਰੇ ਸੀਨੇ 'ਚ ਖੁਭਿਆ ਸੀ ਉਹ ਜਿਹੜਾ ਲਿਸ਼ਕਦਾ ਖੰਜਰ

ਘਟਾ ਬਿਨ ਬਰਸਿਆਂ ਦਮ ਤੋੜ ਦੇਵੇ ਜਦ ਥਲਾਂ ਅੰਦਰ
ਤਾਂ ਸੁੱਕ ਜਾਂਦੇ ਨੇ ਮੇਰੀ ਆਸ ਦੇ ਬੂਟੇ ਪਲਾਂ ਅੰਦਰ

ਮੇਰੀ ਖ਼ਾਹਿਸ਼ ਮੇਰੀ ਔਕਾਤ ਵਿਚ ਹੀ ਦਫ਼ਨ ਹੋ ਜਾਂਦੀ
ਤੇ ਮੇਰੇ ਖ਼ਾਬ ਡੁਬ ਜਾਂਦੇ ਨੇ ਨੈਣਾਂ ਦੇ ਜਲਾਂ ਅੰਦਰ

ਸਮੁੰਦਰੋਂ ਪਾਰ ਵਸਦਾ ਮੋਹ ਜਦੋਂ ਚੇਤੇ 'ਚ ਆ ਜਾਂਦਾ
ਮੁਹੱਬਤ ਦੀ ਨਦੀ ਇਕ ਉਤਰ ਆਉਂਦੀ ਆਂਚਲਾਂ ਅੰਦਰ

ਕਦੇ ਝੀਲਾਂ, ਕਦੇ ਨਦੀਆਂ, ਕਦੇ ਸਾਗਰ ਦੀ ਛੋਹ ਖ਼ਾਤਰ
ਇਹ ਟਿੱਬੇ ਰੇਤ ਦੇ ਤੁਰਦੇ ਰਹੇ ਦਿਲ ਦੇ ਥਲਾਂ ਅੰਦਰ

✵

ਭਾਵੇਂ ਉਹ ਬੇਬਸ ਪਰਿੰਦੇ ਪਿੰਜਰੇ ਅੰਦਰ ਰਹੇ
ਛਟਪਟਾਉਂਦੇ ਪਰ ਉਡਾਰੀ ਦੀ ਤੜਪ ਵਿਚ ਪਰ ਰਹੇ

ਉਹ ਤਾਂ ਅਪਣੇ ਮਾਲਕਾਂ ਦੇ ਹੱਥ ਵਿਚ ਮਜਬੂਰ ਸਨ
ਪਾਕ ਹਿਰਦੇ ਵਿਚ ਉਤਰ ਕੇ ਤੜਪਦੇ ਖੰਜਰ ਰਹੇ

ਪੱਥਰਾਂ ਦੀਆਂ ਵਲਗਣਾਂ ਵਿਚ ਕੈਦ ਉਹ ਹੁੰਦਾ ਨਹੀਂ
ਖੋਜ ਜਿਸ ਦੀ ਵਿਚ ਵਿਆਕੁਲ ਮਸਜਿਦਾਂ ਮੰਦਰ ਰਹੇ

ਕਾਗਜ਼ਾਂ ’ਤੇ ਹੁਣ ਉਨ੍ਹਾਂ ਦੇ ਆਸ਼ਿਆਨੇ ਬਣ ਗਏ
ਜੋ ਮੇਰੇ ਸੀਨੇ ’ਚ ਤੇਰੀ ਯਾਦ ਦੇ ਖੰਡਰ ਰਹੇ

ਹੌਸਲਾ ਹੋਇਆ ਕਦੇ ਨਾ ਤੈਥੋਂ ਬਾਗ਼ੀ ਹੋਣ ਦਾ
ਸ਼ੌਂਕ ਵੀ ਦਿਲ ਦੇ ਵਫ਼ਾ ਦੀ ਲੀਕ ਦੇ ਅੰਦਰ ਰਹੇ

✵

ਰੁੱਖਾਂ ਸੰਗ ਮਸਤੀ ਵਿਚ ਹੋਵਣ ਜਦ ਮਸਰੂਫ਼ ਹਵਾਵਾਂ
ਪੱਤੇ ਪੱਤੇ ਉੱਤੇ ਮਿਲਦਾ ਖੁਸ਼ੀਆਂ ਦਾ ਸਿਰਨਾਵਾਂ

ਅੰਬਰ ’ਤੇ ਸਤਰੰਗੇ ਬੱਦਲ ਝੂਮ-ਝੂਮ ਕੇ ਗਾਵਣ
ਧਰਤੀ ਦੀ ਕੁੱਖ ਅੰਦਰ ਭਰਦੇ ਹਰੀਆਂ ਨਰਮ ਅਦਾਵਾਂ

ਆ, ਆਪਾਂ ਚਾਨਣ ਦੀਆਂ ਛਿੱਟਾਂ ਧਰਤੀ ਵਿਚ ਬੋ ਦਈਏ
ਆ, ਫਿਰ ਤੋਂ ਹਰੀਆਂ ਕਰ ਦਈਏ ਸੁੱਕੀਆਂ ਹੋਈਆਂ ਛਾਵਾਂ

ਮੱਥੇ ਵਿਚ ਕਿਰਨਾਂ ਦਾ ਝੁਰਮਟ ਲੈ ਕੇ ਕਿੱਧਰ ਜਾਈਏ
ਪੈਰ ਪੈਰ ’ਤੇ ਪਹਿਰਾ ਦਿੰਦੀਆਂ ’ਨ੍ਹੇਰੇ ਦੀਆਂ ਬਲਾਵਾਂ

ਕਾਲ਼ੀ ਰਾਤ ’ਚ ਲਿਸ਼ ਲਿਸ਼ ਕਰਦੇ ਜਾਗਣ ਚੰਨ ਤੇ ਤਾਰੇ
ਨੀਂਦ ਦੀ ਨਗਰੀ ਸੁਪਨਾ ਜਾਗੇ ਮਿੱਠਾ ਅਤੇ ਸੁਖਾਵਾਂ

ਦਰਦਾਂ ਦੇ ਦਰਵਾਜ਼ੇ ਦਸਤਕ ਦੱਸ ਅੱਜ ਕਿੱਦਾਂ ਦੇਈਏ
ਹਰਫ਼ਾਂ ਦੀ ਵਲਗਣ ਵਿਚ ਆਉਣੋਂ ਮੁਨਕਰ ਅਜ ਕਵਿਤਾਵਾਂ

✵

ਦੇਵੇ ਭਾਵੇਂ ਜ਼ਖ਼ਮ ਝਾਂਜਰ ਜਾਂ ਬਣੇ ਕਾਤਿਲ ਡਗਰ
ਤੇਰੀ ਖ਼ਾਤਰ ਤੈਅ ਕਰਾਂਗੀ ਮੈਂ ਕਿਆਮਤ ਦਾ ਸਫ਼ਰ

ਹੋ ਰਹੀ ਹੈ ਹੌਲ਼ੀ-ਹੌਲ਼ੀ ਤੇਰੀ ਰਹਿਮਤ ਦੀ ਨਜ਼ਰ
ਖ਼ੁਸ਼ਬੂ-ਖ਼ੁਸ਼ਬੂ ਹੋ ਰਹੀ ਹੈ ਕੰਡਿਆਂ ਵਾਲੀ ਡਗਰ

ਆ ਗਈ ਮੌਸਮ 'ਚ ਮਸਤੀ, ਖਿੜ ਗਿਆ ਗੁਲਸ਼ਨ ਮੇਰਾ
ਬਿਰਖ ਨੱਚੇ ਹੋ ਕੇ ਲੱਕੜਹਾਰਿਆਂ ਤੋਂ ਬੇਖ਼ਬਰ

ਚਾਨਣੀ ਦੀ ਕਿਰਨ ਇਕ ਦਿੱਤੀ ਮੇਰੇ ਰਹਿਬਰ ਨੇ ਜਦ
ਭਟਕਦਾ ਫਿਰਦਾ ਪਨਾਹ ਲਭਦਾ ਹਨ੍ਹੇਰਾ ਦਰ ਬ ਦਰ

ਚਿਹਰਿਆਂ ਦੀ ਭੀੜ ਵਿਚ ਉਹ ਚੰਨ-ਮੁਖ ਜਿਹਾ ਕੌਣ ਸੀ
ਅੱਖੀਆਂ ਵਾਲੀ ਗਲੀ ਤੋਂ ਉਤਰਿਆ ਦਿਲ ਦੇ ਨਗਰ

ਰੌਸ਼ਨੀ ਦੀ ਰਾਹ ਦਿਖਾ ਕੇ ਕੀ ਗੁਨਾਹ ਮੈਂ ਕਰ ਲਿਆ
ਬੰਨ੍ਹ ਕੇ ਅੱਖਾਂ 'ਤੇ ਪੱਟੀ ਲੈ ਤੁਰੇ ਕਿਹੜੀ ਡਗਰ

ਪਿੰਜਰੇ ਵਿਚ ਰਹਿ ਕੇ ਵੀ ਕਾਇਮ ਹੈ ਹਸਰਤ ਉਡਣ ਦੀ
ਦੇਖਦੀ ਕਿਧਰੇ ਵੀ ਬਸ ਅੰਬਰ ਹੀ ਆਉਂਦਾ ਹੈ ਨਜ਼ਰ

ਦਿਲ ਦੇ ਥਲ ਨੂੰ ਠਾਰਦੀ ਹੈ ਕਲਪਨਾ ਦੀ ਇਹ ਨਦੀ
ਤਪਦੇ ਰੇਗਿਸਤਾਨ ਅੰਦਰ ਹੋ ਰਹੀ ਤਾਂ ਹੀ ਗੁਜ਼ਰ

✵

ਬੇਨਤੀ ਧੁੱਪਾਂ ਨੂੰ ਤਰਲੇ ਪੌਣ ਦੇ ਕਰਦੀ ਰਹੀ
ਫੁੱਲ ਦੀ ਰਾਖੀ ਲਈ ਮੈਂ ਸੌ-ਸੌ ਦੁਖ ਜਰਦੀ ਰਹੀ

ਸੁਲਗਦੇ ਰਾਹਾਂ 'ਚ ਮੇਰੇ ਪੈਰ ਤਾਂ ਸੜਦੇ ਰਹੇ
ਪਰ ਤੇਰੇ ਤਕ ਆਉਣ ਦਾ ਮੈਂ ਦਮ ਸਦਾ ਭਰਦੀ ਰਹੀ

ਦੀਵਿਆਂ ਦੇ ਸ਼ਹਿਰ ਮੈਥੋਂ ਪੈਰ ਨਾ ਪਾਇਆ ਗਿਆ
ਦਿਲ ਹੀ ਦਿਲ ਵਿਚ ਰੌਸ਼ਨੀ ਦੀ ਕਾਮਨਾ ਕਰਦੀ ਰਹੀ

ਫੇਰ ਨਾ ਦੀਦਾਰ ਹੋਇਆ ਮੈਨੂੰ ਮੇਰੇ ਚੰਨ ਦਾ
ਉਮਰ ਭਰ ਸੂਰਤ ਉਹਦੀ ਨੈਣਾਂ ਦੇ ਵਿਚ ਤਰਦੀ ਰਹੀ

ਤੇਰੇ ਵਾਂਗੂੰ ਬਣ ਸਕੀ ਨਾ ਮੈਂ ਚੁਰਾਹੇ ਦਾ ਚਿਰਾਗ਼
ਬਣ ਕੇ ਜੁਗਨੂੰ ਜਗਣ ਦੀ ਕੋਸ਼ਿਸ਼ ਸਦਾ ਕਰਦੀ ਰਹੀ

ਬਾਪ ਦੀ ਪਗੜੀ ਦਾ ਮੇਰੀ ਮਾਂ ਨੇ ਦਿੱਤਾ ਵਾਸਤਾ
ਬਸ ਇਸੇ ਲਈ ਸੁਪਨਿਆਂ ਨੂੰ ਕਤਲ ਮੈਂ ਕਰਦੀ ਰਹੀ

✵

ਕੌਣ ਹੈ ਜੋ ਤੁਰ ਰਿਹਾ ਹੈ ਜ਼ਿੰਦਗੀ ਦੇ ਨਾਲ਼-ਨਾਲ਼
ਤੁਰ ਰਹੀ ਤੇਰੀ ਜੁਦਾਈ, ਤੁਰ ਰਿਹਾ ਤੇਰਾ ਖ਼ਿਆਲ

ਉਹ ਨਹੀਂ 'ਇਤਿਹਾਸ' ਜੋ ਬੀਤੇ ਸਮੇਂ ਦੀ ਗੱਲ ਕਰੇ
ਉਹ ਤਾਂ ਦਰਿਆ ਹੈ, ਉਹ ਵਗਦਾ ਹੈ ਥਲਾਂ ਦੇ ਨਾਲ਼-ਨਾਲ਼

ਯਾਦ ਦੇ ਰੁਖ਼ਸਾਰ 'ਤੇ ਹੰਝੂਆਂ ਦੇ ਨਗ ਜੋ ਜੜ ਰਿਹਾ
ਓਸ ਦਾ ਮੈਂ ਜ਼ਿਕਰ ਛੋਹਿਆ ਜ਼ੇਵਰਾਂ ਦੇ ਨਾਲ਼-ਨਾਲ਼

ਤੂੰ ਹੈਂ ਮੋਤੀ ਸ਼ਬਨਮੀ, ਸੁੱਚਾ ਜਿਹਾ ਸੱਚਾ ਜਿਹਾ
ਦੇਖ ਕੇ ਤੈਨੂੰ ਝੁਕੀ ਹੈ, ਦੇਖ ਕਿੰਝ ਫੁੱਲਾਂ ਦੀ ਡਾਲ

ਘੁਲ਼ ਗਈ ਮੈਂ ਪੌਣ ਵਿਚ ਬਣ ਰੰਗ ਤੇ ਖ਼ੁਸ਼ਬੂ ਜਦੋਂ
ਮਾਲੀਆਂ ਨੇ ਮਸਲ ਦਿੱਤਾ ਹੋਂਦ ਮੇਰੀ ਦਾ ਸਵਾਲ

ਬੇਵਫ਼ਾਈ ਵਕਤ ਦੀ ਹੁਣ ਯਾਦ ਮੈਂ ਕਰਦੀ ਨਹੀਂ
ਦਿਲ 'ਤੇ ਮੱਧਮ ਹੋ ਗਈ ਹੈ ਹੌਕਿਆਂ ਦੀ ਪੈੜ-ਚਾਲ

ਭਟਕ ਚੁੱਕੇ ਪਾਂਧੀਆਂ ਨੂੰ ਮੰਜ਼ਿਲਾਂ ਦੀ ਕੀ ਖ਼ਬਰ
ਭੀੜ ਬਣ ਕੇ ਚਲ ਰਹੇ ਨੇ ਰਸਤਿਆਂ ਦੇ ਨਾਲ਼-ਨਾਲ਼

✵

ਮੈਂ ਉਸ ਨੂੰ ਜਿਸਮ ਤੋਂ ਰੂਹ ਤੀਕ ਹੋ ਕੇ ਦੇਖਿਆ ਹੈ
ਮੈਂ ਉਸ ਦਾ ਗ਼ਮ ਬਹੁਤ ਨਜ਼ਦੀਕ ਹੋ ਕੇ ਦੇਖਿਆ ਹੈ

ਉਸੇ ਪਲ ਟੁੱਟ ਜਾਂਦੀ ਹੈ ਇਹ ਨਾਜ਼ੁਕ ਤੰਦ ਵਾਂਗੂੰ
ਮੈਂ ਅਪਣੀ ਨਜ਼ਮ ਵਿਚ ਹੰਝੂ ਪਰੋ ਕੇ ਦੇਖਿਆ ਹੈ

ਤੇਰੇ ਲੂੰ-ਲੂੰ 'ਚੋਂ ਕਿਰਦੇ ਦਰਦ ਨੂੰ ਮੈਂ ਕਿੰਜ ਭੁੱਲਾਂ
ਐ ਉਜੜੇ ਰੁੱਖ, ਮੈਂ ਤੇਰੀ ਡਾਲ ਹੋ ਕੇ ਦੇਖਿਆ ਹੈ

ਉਦੋਂ ਫੁਟਦੇ ਨੇ ਮੇਰੀ ਹੋਂਦ 'ਚੋਂ ਨਗ਼ਮੇ ਵਫ਼ਾ ਦੇ
ਮੈਂ ਤੇਰੇ ਸਾਜ਼ ਦੀ ਜਦ ਤਾਰ ਹੋ ਕੇ ਦੇਖਿਆ ਹੈ

ਤੇਰੇ 'ਨ੍ਹੇਰੇ 'ਚ ਚਮਕਣ ਲਈ ਮੈਂ ਖ਼ੁਦ ਨੂੰ ਸਾੜਿਆ ਹੈ
ਕਿ ਬਣ ਜੁਗਨੂੰ ਮੈਂ ਲੋਅ ਦੀ ਲੀਕ ਹੋ ਕੇ ਦੇਖਿਆ ਹੈ

✵

ਮੇਰੇ ਵੀਰਾਨ ਦਿਲ ਵਿਚ ਜਦ ਵੀ ਤੇਰੀ ਯਾਦ ਆਉਂਦੀ ਹੈ
ਨਿਪੱਤਰੇ ਬਿਰਖ ਦੀ ਟਾਹਣੀ ’ਤੇ ਬੁਲਬੁਲ ਗੀਤ ਗਾਉਂਦੀ ਹੈ

ਤੇਰੇ ਚੇਤੇ ’ਚ ਡੁੱਬ ਕੇ ਹੋਰ ਸੂਹਾ ਹੋ ਗਿਆ ਕੁਮਕੁਮ
ਮੇਰੇ ਮੱਥੇ ਦੀ ਬਿੰਦੀ ਵੀ ਜਿਵੇਂ ਹੁਣ ਮੁਸਕਰਾਉਂਦੀ ਹੈ

ਮੇਰੀ ਝਾਂਜਰ ਦੀ ਛਣਛਣ ਵਿਚ ਕੋਈ ਸੁਪਨਾ ਛਣਕਦਾ ਹੈ
ਮੇਰੀ ਵੀਣੀ ਦੀਆਂ ਵੰਗਾਂ ’ਚ ਹਸਰਤ ਖਣਖਣਾਉਂਦੀ ਹੈ

ਤੂੰ ਪਾ ਕੇ ਆਲ੍ਹਣਾ ਜਿਸ ਸ਼ਾਖ਼ ’ਤੇ ਸੀ ਉਡ ਗਿਆ ਇਕ ਦਿਨ
ਉਦ੍ਹੇ ਪੱਤਿਆਂ ’ਚ ਅੱਜ ਵੀ ਯਾਦ ਤੇਰੀ ਛਟਪਟਾਉਂਦੀ ਹੈ

ਗੁਜ਼ਾਰੇ ਪਲ ਜੋ ਤੇਰੇ ਨਾਲ ਦਿਲ ਵਿਚ ਸਾਂਭ ਲਏ ਨੇ ਮੈਂ
ਪਤਾ ਹੈ ਬੀਤ ਜਾਵੇ ਜੋ ਘੜੀ, ਉਹ ਫਿਰ ਨਾ ਆਉਂਦੀ ਹੈ

✵

ਬੰਸਰੀ ਹਾਂ ਲਾ ਤੂੰ ਹੋਠੀਂ ਠਾਰ ਮੇਰੇ ਸਾਂਵਰੇ
ਸੜ ਰਹੀ ਹਾਂ ਮੈਂ ਸੁਰਾਂ ਵਿਚਕਾਰ ਮੇਰੇ ਸਾਂਵਰੇ

ਰੁਕਮਣੀ ਹਾਂ ਨਾ ਮੈਂ ਰਾਧਾ ਪਰ ਤੇਰੇ ਤਕ ਆਉਣ ਲਈ
ਬਣ ਗਈ ਜਮਨਾ ਦੇ ਜਲ ਦੀ ਧਾਰ ਮੇਰੇ ਸਾਂਵਰੇ

ਬਿਨ ਤੇਰੇ ਮਹਿਫ਼ਲ 'ਚ ਲੱਖਾਂ ਚਿਹਰੇ ਮੈਨੂੰ ਝਾਕਦੇ
ਮੇਰਾ ਦਾਮਨ ਦੇਖ ਤਾਰੋ-ਤਾਰ ਮੇਰੇ ਸਾਂਵਰੇ

ਕਿਣਕਿਆਂ ਵਿਚ ਚਿਣ ਨਾ ਅਪਣੀ ਪਿਆਸ ਨੂੰ ਓ ਮਹਿਰਮਾ
ਮੈਂ ਤਾਂ ਹਾਂ ਬਸ ਰੇਤ ਦੀ ਦੀਵਾਰ ਮੇਰੇ ਸਾਂਵਰੇ

ਬਣ ਕੇ ਜੋਗਣ ਮੈਂ ਤਾਂ ਤੇਰੀ ਪੈੜ ਨੂੰ ਹੈ ਪੂਜਣਾ
ਮੈਂ ਨਾ ਦਿਲ ਦੇ ਤਖ਼ਤ ਦੀ ਹੱਕਦਾਰ ਮੇਰੇ ਸਾਂਵਰੇ

✻

ਇਸ ਤਰ੍ਹਾਂ ਹੀ ਪਿਆਰ ਦਾ ਕਰਜ਼ਾ ਅਦਾ ਕਰਦੀ ਰਹਾਂ
ਉਹ ਕਰੇ ਜਾਂ ਨਾ ਕਰੇ ਪਰ ਮੈਂ ਵਫ਼ਾ ਕਰਦੀ ਰਹਾਂ

ਸੋਚਦੀ ਹਾਂ ਤੇਰਿਆਂ ਬਾਗਾਂ ਦੀ ਮਾਲਣ ਮੈਂ ਬਣਾਂ
'ਕੱਲੇ-'ਕੱਲੇ ਫੁੱਲ ਤੋਂ ਕੰਡੇ ਜੁਦਾ ਕਰਦੀ ਰਹਾਂ

ਮੇਰਾ ਹਰ ਇਕ ਪਹਿਰ ਬੀਤੇ ਬਸ ਉਸੇ ਦੀ ਯਾਦ ਵਿਚ
ਜ਼ਿੰਦਗੀ ਦੀ ਹਰ ਘੜੀ ਉਸ ਤੋਂ ਫ਼ਿਦਾ ਕਰਦੀ ਰਹਾਂ

ਇਕ ਮਿੱਠਾ ਜ਼ਹਿਰ ਹੈ ਇਹ ਦਰਦ ਤੇਰੀ ਯਾਦ ਦਾ
ਪਰ ਮੈਂ ਏਸੇ ਜ਼ਹਿਰ ਦਾ ਹਰ ਪਲ ਨਸ਼ਾ ਕਰਦੀ ਰਹਾਂ

ਅੱਥਰੂ ਤਾਂ ਆਪਣੇ ਰੱਖਾਂ ਮੈਂ ਦਿਲ ਵਿਚ ਸਾਂਭ ਕੇ
ਹੋਠਾਂ ਦੀ ਮੁਸਕਾਨ ਪਰ ਤੈਨੂੰ ਅਤਾ ਕਰਦੀ ਰਹਾਂ

✵

ਮੇਰਾ ਵੀ ਰੌਸ਼ਨੀ ਦੇ ਨਾਲ ਜੇ ਕੋਈ ਰਾਬਤਾ ਹੁੰਦਾ
ਨਾ ਤਾਰੇ ਰੁਸਦੇ ਮੈਥੋਂ ਨਾ ਸੂਰਜ ਹੀ ਖਫ਼ਾ ਹੁੰਦਾ

ਇਹ ਦੀਵੇ ਬੁਝ ਬਿਸ਼ੱਕ ਜਾਂਦੇ, ਮਗਰ ਜ਼ਿੰਦਾਦਿਲੀ ਰਹਿੰਦੀ
ਹਵਾਵਾਂ ਨਾਲ ਟਕਰਾਵਣ ਦਾ ਜੇਕਰ ਹੌਂਸਲਾ ਹੁੰਦਾ

ਤੂੰ ਮੇਰੀ ਤਪ ਰਹੀ ਮਿੱਟੀ ’ਤੇ ਆ ਕੇ ਬਰਸ ਜਾਂਦਾ ਤਾਂ
ਮੇਰਾ ਜੀਵਨ ਵੀ ਹਰੀਆਂ ਕੂੰਬਲਾਂ ਦਾ ਸਿਲਸਿਲਾ ਹੁੰਦਾ

ਮੈਂ ਹਰ ਮੁਸ਼ਕਿਲ ਨੂੰ ਸਰ ਕਰਦੀ ਜ਼ਮਾਨੇ ਤੋਂ ਨਾ ਮੈਂ ਡਰਦੀ
ਕਿਸੇ ਵੀ ਮੋੜ ’ਤੇ ਜੇਕਰ ਤੂੰ ਮੈਨੂੰ ਤਾਂਘਦਾ ਹੁੰਦਾ

ਨਾ ਤਿਲ-ਤਿਲ ਜ਼ਿੰਦਗੀ ਮਰਦੀ, ਨਾ ਪੀੜਾਂ ਦਾ ਸਫ਼ਰ ਹੁੰਦਾ
ਇਕੱਠਿਆਂ ਜੀਣ ਦਾ ਜੇਕਰ ਤਿਰਾ ਵਾਅਦਾ ਵਫ਼ਾ ਹੁੰਦਾ

✵

ਯਾਦਾਂ ਦੇ ਬਾਗ਼ ਵਿਚ ਮੈਂ ਜਦ ਬੇਕਰਾਰ ਹੋਈ
ਲੱਗ ਕੇ ਹਵਾ ਦੇ ਗਲ਼ ਨੂੰ ਇਕ ਸ਼ਾਖ਼ ਵਾਂਗ ਰੋਈ

ਹੁਣ ਦੇਖ ਮੇਰੀ ਮਿੱਟੀ ’ਚੋਂ ਪੁਸ਼ਪ ਖਿੜ ਰਹੇ ਨੇ
ਤੇਰੀ ਬੇਵਫ਼ਾਈ ਸਦਕਾ ਸਾਂ ਖ਼ਾਕਸਾਰ ਹੋਈ

ਪੱਥਰ ਦੀ ਦੋਸਤੀ ਦਾ ਕੈਸਾ ਜਨੂੰਨ ਮੇਰਾ
ਸ਼ੀਸ਼ੇ ਦੇ ਵਾਂਗ ਤਿੜਕੀ, ਟੁਕੜੇ ਹਜ਼ਾਰ ਹੋਈ

ਓਸੇ ਦੀ ਬੰਦਗੀ ਹੀ ਜੀਵਨ ਦਾ ਲਕਸ਼ ਬਣਿਆ
ਬਸ ਦੋ ਘੜੀ ਜੋ ਮੈਥੋਂ ਮੂਰਤ ਨਿਹਾਰ ਹੋਈ

ਸੂਰਜ ਵੀ ਮਘਦੇ ਦੇਖੇ, ਤਾਰੇ ਵੀ ਜਗਦੇ ਦੇਖੇ
ਪਰ ਰੌਸ਼ਨੀ ਨ ਕੋਈ ਦਿਲ ਵਿਚ ਉਤਾਰ ਹੋਈ

ਮੈਂ ਹੱਕ ਅਦਾ ਹੈ ਕੀਤਾ ਤੇਰੇ ਹਿਜਰ ਦਾ ਬਕਾਇਦਾ
ਮੇਰੀ ਉਦਾਸੀ ਮੇਰੇ ਮੁੱਖ ਦਾ ਸ਼ਿੰਗਾਰ ਹੋਈ

✵

ਇਸ਼ਕ ਦੇ ਇਲਜ਼ਾਮ ’ਤੇ ਜਾਂ ਹੰਝੂਆਂ ਦੇ ਜਾਮ ’ਤੇ
ਮੈਂ ਵੀ ਇਕ ਨਗ਼ਮਾ ਲਿਖਾਂਗੀ ਜ਼ਿੰਦਗੀ ਦੇ ਨਾਮ ’ਤੇ

ਇਸ ਤਰ੍ਹਾਂ ਜਲਵੇ ਸੀ ਮੇਰੇ ਰਾਹਾਂ ਵਿਚ ਬਿਖਰੇ ਪਏ
ਮੰਜ਼ਿਲਾਂ ਨੂੰ ਵਾਰ ਦਿੱਤਾ ਰਸਤਿਆਂ ਦੇ ਨਾਮ ’ਤੇ

ਉਹ ਨਹੀਂ ਮੇਰੀ ਹਕੀਕਤ ਉਹ ਤਾਂ ਮੇਰਾ ਖ਼ਾਬ ਹੈ
ਰੋਜ਼ ਉਸਨੂੰ ਖ਼ਤ ਲਿਖਾਂਗੀ ਸੁਪਨਿਆਂ ਦੇ ਨਾਮ ’ਤੇ

ਉਮਰ ਦੇ ਇਸ ਮੋੜ ’ਤੇ ਕਿਸਨੂੰ ਹੈ ਮੇਰੀ ਆਰਜ਼ੂ
ਕਿਸ ਨੇ ਮੇਰਾ ਨਾਮ ਲਿਖਿਆ ਆਪਣੇ ਪੈਗ਼ਾਮ ’ਤੇ

ਅੱਜ ਇਸਦੀ ਧੁੰਦ ਵਿਚ ਇਕ ਹੋਰ ਸੂਰਜ ਗੁੰਮ ਗਿਆ
ਇਕ ਧੱਬਾ ਹੋਰ ਲੱਗਾ ਜ਼ਿੰਦਗੀ ਦੀ ਸ਼ਾਮ ’ਤੇ

⁎

ਜੋ ਰੌਸ਼ਨੀ ਦੀ ਖ਼ਾਤਰ ਕਰਦਾ ਰਿਹਾ ਦੁਆਵਾਂ
ਮੇਰੇ ਚਿਰਾਗ਼ ਖ਼ਾਤਰ ਕਿਉਂ ਬਣ ਗਿਆ ਹਵਾਵਾਂ

ਕੁਝ ਪਿਆਰ ਮੇਰੇ ਦਿਲ ਦਾ ਕੁਝ ਮੇਰੀਆਂ ਦੁਆਵਾਂ
ਤੇਰੇ ਵੀਰਾਨਿਆਂ 'ਤੇ ਬਣ ਕੇ ਵਰ੍ਹੇ ਘਟਾਵਾਂ

ਪੈਗ਼ਾਮ ਪਤਝੜਾਂ ਦਾ ਇਹ ਕੌਣ ਲੈ ਕੇ ਆਇਆ
ਬਿਰਖਾਂ ਤੋਂ ਕਿਰ ਰਿਹਾ ਹੈ ਪੱਤਾ ਜੋ ਟਾਵਾਂ-ਟਾਵਾਂ

ਦਿਨ ਰਾਤ ਤੁਰ ਰਹੇ ਹਾਂ ਅਸੀਂ ਮੰਜ਼ਿਲਾਂ ਦੀ ਰਾਹੇ
ਠਹਿਰੇ ਕਿਤੇ ਨਾ, ਆਈਆਂ ਰਾਹ ਵਿਚ ਬਹੁਤ ਸਰਾਵਾਂ

ਕੋਈ ਪਰਬਤਾਂ ਤੋਂ ਉੱਚੀ ਮੈਂ ਵੀ ਉਡਾਣ ਭਰਦੀ
ਤੱਕਦੀ ਜੇ ਅੰਬਰਾਂ ਵਿਚ ਕੋਈ ਆਸਰਾ ਸੁਖਾਵਾਂ

✵

ਸੀ ਇਹੋ ਹੀ ਹਿਜਰ-ਮਾਰੀ ਉਮਰ ਦੀ ਇਕ ਜੁਸਤਜੂ
ਹੋ ਰਹੀ ਹੈ ਜ਼ਿੰਦਗੀ ਅੱਜ ਜ਼ਿੰਦਗੀ ਦੇ ਰੂਬਰੂ

ਬੀਜ ਦੇਵੋ ਹੁਣ ਸ਼ੁਆਵਾਂ ਸਾਰਿਆਂ ਦੀ ਸੋਚ ਵਿਚ
ਹੋਣ ਦੇਵੋ 'ਨ੍ਹੇਰਿਆਂ ਦੀ ਜਾਤ ਨੂੰ ਬੇਆਬਰੂ

ਖੋਹ ਕੇ ਲੈ ਜਾਵਣ ਜੋ ਰੁੱਖਾਂ ਤੋਂ ਸੁਰਾਂ ਦੇ ਭੇਤ ਨੂੰ
ਮੈਂ ਨਹੀਂ ਕੀਤੀ ਸੀ ਐਸੇ ਮੌਸਮਾਂ ਦੀ ਆਰਜ਼ੂ

ਹੁਣ ਵਫ਼ਾ ਦੇ ਸੇਕ 'ਚੋਂ ਮਹਿਕੇਗਾ ਕੋਈ ਫੁੱਲ ਜ਼ਰੂਰ
ਹੋ ਰਹੀ ਹੈ ਬੱਦਲਾਂ ਤੇ ਥਲ ਦੀ ਮਿੱਠੀ ਗੁਫ਼ਤਗੂ

ਮਿਲ ਗਈ ਹੈ ਗ਼ਮ ਦੀ ਮੰਜ਼ਿਲ ਪਿਆਰ ਨੂੰ ਐ ਦੋਸਤਾ
ਹੋ ਗਏ ਹਾਂ ਰਸਤਿਆਂ ਦੀਆਂ ਸਾਜ਼ਿਸ਼ਾਂ ਤੋਂ ਸੁਰਖ਼ਰੂ

✵

ਪਰਵਾਜ਼ ਉਦੋਂ ਮੇਰੀ, ਮੇਰਾ ਸੀ ਗੁਨਾਹ ਹੋਈ
ਜਦ ਤੋੜ ਸਲਾਖਾਂ ਮੈਂ ਪਿੰਜਰੇ ’ਚੋਂ ਰਿਹਾ ਹੋਈ

ਮੈਨੂੰ ਤਾਂ ਸਿਧਾਰਥ ਨੇ ਖ਼ੁਦ ਹੀ ਲੱਭ ਲੈਣਾ ਹੈ
ਮੇਰੇ ਦਿਲ ਦੀ ਧਰਤੀ ’ਤੇ ਕਿਧਰੇ ਜੇ ਗਯਾ ਹੋਈ

ਬਸ ਬਲਣਾ ਬੁਝਣਾ ਹੀ ਤਕਦੀਰ ਹੋਈ ਮੇਰੀ
ਸੌ ਵਾਰ ਬਣੀ ਅਗਨੀ ਸੌ ਵਾਰ ਸੁਆਹ ਹੋਈ

ਹੁਣ ਸ਼ੌਕ ਨਹੀਂ ਮੈਨੂੰ ਬੁੱਤਖਾਨੇ ਜਾਵਣ ਦਾ
ਦਰ ਯਾਰ ਦਾ ਮਸਜਿਦ ਹੈ, ਉਲਫ਼ਤ ਹੀ ਖ਼ੁਦਾ ਹੋਈ

ਮੇਰੇ ਦਿਲ ਦੀ ਸੱਧਰ ਨਾ ਮੇਰੇ ਹੋਠਾਂ ਤਕ ਆਈ
ਬਸ ਦਿਲ ’ਚ ਰਹੀ ਜਿਉਂਦੀ ਤੇ ਦਿਲ ’ਚ ਫ਼ਨਾਹ ਹੋਈ

✵

ਉਮਰ ਸਾਰੀ ਸੁਲਗਦੇ ਜਜ਼ਬਾਤ ਦਾ ਚਰਚਾ ਰਿਹਾ
ਪਿਆਰ ਦੀ ਉਸ ਆਖ਼ਰੀ ਸੌਗਾਤ ਦਾ ਚਰਚਾ ਰਿਹਾ

ਮੈਂ ਜੋ ਬੀਜੇ ਬੀਜ ਸਾਰੇ ਰੇਤ ਵਿਚ ਸੜਦੇ ਰਹੇ
ਮਾਰੂਥਲ ਵਿਚ ਬਸ ਇਸੇ ਹੀ ਬਾਤ ਦਾ ਚਰਚਾ ਰਿਹਾ

ਮੋਮਬੱਤੀ ਆਰਜ਼ੂ ਦੀ ਰਾਤ ਭਰ ਬਲਦੀ ਰਹੀ
ਰਾਤ ਭਰ ਪਰਵਾਨਿਆਂ ਦੀ ਜਾਤ ਦਾ ਚਰਚਾ ਰਿਹਾ

ਆਪ ਕਾਤਲ ਬਣ ਗਈ ਕਿਉਂ ਪੌਣ ਹੀ ਗੁਲਜ਼ਾਰ ਦੀ
ਬਰਸ ਬੀਤੇ ਪਰ ਉਸੇ ਹਾਲਾਤ ਦਾ ਚਰਚਾ ਰਿਹਾ

ਮਿਟ ਹੀ ਜਾਂਦੀ ਪਿਆਸ ਜੇਕਰ ਚਾਰ ਕਣੀਆਂ ਪੈਂਦੀਆਂ
ਮਾਰੂਥਲ ਵਿਚ ਬਿਨ ਵਰ੍ਹੀ ਬਰਸਾਤ ਦਾ ਚਰਚਾ ਰਿਹਾ

✵

ਮੇਰੀ ਤਕਦੀਰ ਵਿਚ ਨੇ ਦੂਰ ਤੱਕ ਬੰਜਰ ਅਤੇ ਸਹਿਰਾ
ਕਦੇ ਬਣ ਕੇ ਸਮੁੰਦਰ ਤੂੰ ਹੀ ਮੇਰੀ ਜ਼ਿੰਦਗੀ ਵਿਚ ਆ

ਘਟਾਵਾਂ ਵਿਚ, ਸ਼ੁਆਵਾਂ ਵਿਚ, ਹਵਾਵਾਂ ਵਿਚ, ਫਿਜ਼ਾਵਾਂ ਵਿਚ
ਖ਼ੁਦਾਈ ਦੀ ਹਰ ਇਕ ਸ਼ੈਅ ਵਿਚ ਭਰਮ ਤੇਰੇ ਹੀ ਚਿਹਰੇ ਦਾ

ਮੇਰੇ ਆਕਾਸ਼ ਦਾ ਤੂੰ ਚੰਨ ਤੇ ਅੱਖਾਂ ਦਾ ਤਾਰਾ ਹੈਂ
ਕਿ ਮੁੱਠੀ ਚਾਨਣਾਂ ਦੀ ਹੁਣ ਮੇਰੀ ਧਰਤੀ 'ਚ ਬੀਜਣ ਆ

ਮੈਂ ਕਿਹੜੀ ਰੁੱਤ ਨੂੰ ਅਪਣੀ ਕਹਾਂ ਕਿਸਨੂੰ ਕਹਾਂ ਤੇਰੀ
ਕਿ ਹਰ ਇਕ ਰੁੱਤ ਨੇ ਸਾੜੇ ਮੇਰੇ ਪੁੰਗਰਨ ਤੋਂ ਪਹਿਲਾਂ ਚਾਅ

✯

ਹੁਣ ਤਸੱਵਰ ਵਿਚ ਵੀ ਆਉਂਦਾ ਨਾ ਨਜ਼ਰ ਸੱਜਣ ਦਾ ਨੂਰ
ਜ਼ਿੰਦਗੀ ਹੀ ਜ਼ਿੰਦਗੀ ਤੋਂ ਕਿਸ ਕਦਰ ਹੋਈ ਹੈ ਦੂਰ

ਨਾ ਮਿਲੇ ਅਪਣਾ ਬਸੇਰਾ ਨਾ ਤੇਰੇ ਦਰ ਦੀ ਡਗਰ
ਮੈਂ ਕਿਰੇ ਪੱਤੇ ਦੇ ਵਾਂਗੂੰ ਭਟਕਦੀ ਹੋਈ ਹਾਂ ਚੂਰ

ਆਰਜ਼ੂ ਮੇਰੀ ਦੇ ਹਿੱਸੇ ਠੋਕਰਾਂ ਹੀ ਠੋਕਰਾਂ
ਕੱਚ ਦੇ ਅੰਜਾਮ ਵਾਂਗੂੰ ਤਿੜਕਿਆ ਮੇਰਾ ਗਰੂਰ

ਝੂਮੇਗੀ ਇਕ ਦਿਨ ਲਗਰ ਬਾਗ਼ਾਂ 'ਚ ਮਿੱਠੇ ਪਿਆਰ ਦੀ
ਮੌਸਮਾਂ ਵਿਚਲੀ ਕੁੜੱਤਣ ਨੂੰ ਮਿਟਾਏਗੀ ਜ਼ਰੂਰ

ਰਹਿਣੀਆਂ ਨਾ ਫਿਰ ਉਮੀਦਾਂ ਫੇਰ ਨਾ ਹੋਣੀ ਉਡੀਕ
ਫੇਰ ਨਾ ਦਿਸਣਾ ਤ੍ਰਿੰਝਣ ਨਾ ਕੋਈ ਬੇੜੀ ਦਾ ਪੂਰ

✵

ਪੌਣਾਂ 'ਚ ਜੋ ਨਸ਼ਾ ਹੈ, ਮਹਿਕਾਂ ਦੇ ਪਿਆਰ ਦਾ ਹੈ
ਇਸ ਝੂਮਦੀ ਕਲੀ ਸਿਰ ਕਰਜ਼ਾ ਬਹਾਰ ਦਾ ਹੈ

ਹੋਠਾਂ ਦੇ ਹਾਸਿਆਂ ਨੂੰ ਟੁਣਕਾਰ ਤੂੰ ਹੀ ਦਿੱਤੀ
ਹੰਝੂਆਂ 'ਚ ਲਿਖਿਆ ਕਿੱਸਾ ਤੇਰੇ ਹੀ ਪਿਆਰ ਦਾ ਹੈ

ਮੈਂ ਹਰਫ਼-ਹਰਫ਼ ਤੇਰੇ ਦਿਲ 'ਚੋਂ ਕਸ਼ੀਦ ਕੀਤਾ
ਝਉਲਾ ਮੇਰੀ ਗ਼ਜ਼ਲ ਵਿਚ ਤੇਰੀ ਨੁਹਾਰ ਦਾ ਹੈ

ਬਣ ਕੇ ਕਦੇ ਉਹ ਸੂਰਜ, ਮੇਰੇ ਦਿਲ 'ਚ ਜਗਮਗਾਉਂਦਾ
ਕਦੇ ਬਣ ਕੇ ਚੰਨ ਰਿਸ਼ਮਾਂ, ਉਹ ਰੂਹ ਨੂੰ ਠਾਰਦਾ ਹੈ

ਕੋਈ ਲਿਖ ਗਿਆ ਮੁਹੱਬਤ ਦਾ ਗੀਤ ਥਲ 'ਚ ਸੜ ਕੇ
ਇਹ ਗੀਤ ਹੀ ਝਨਾਂ ਦਾ ਪਾਣੀ ਉਚਾਰਦਾ ਹੈ

ਮਹੀਂਵਾਲ ਤੋਂ ਵੀ ਪਿਆਰੀ ਮੈਨੂੰ ਪਾਕੀਜ਼ਗੀ ਹੈ
ਅੱਖੀਆਂ 'ਚ ਖ਼ਾਬ ਬੇਸ਼ੱਕ ਦਰਿਆ ਦੇ ਪਾਰ ਦਾ ਹੈ

ਪੱਥਰਾਂ ਦੇ ਪਿਆਰ ਸਦਕਾ ਮੇਰੇ ਦਿਲ ਨੂੰ ਜ਼ਖ਼ਮ ਮਿਲਿਆ
ਚੀਸਾਂ 'ਚ ਦਰਦ ਹੈ ਜੋ ਖ਼ਾਰਾਂ ਦੇ ਪਿਆਰ ਦਾ ਹੈ

✯

ਕਿਸਮਤ 'ਚ ਮਾਰੂਥਲ ਅਤੇ ਬੰਜਰ ਲਿਖੇ ਗਏ
ਕੁਝ ਸੜਨ ਦੇ, ਕੁਝ ਪਿਆਸ ਦੇ ਮੰਜ਼ਰ ਲਿਖੇ ਗਏ

ਮੇਰੇ ਪਰਾਂ ਵਿਚ ਸਹਿਕਦੀ ਪਰਵਾਜ਼ ਮਰ ਗਈ
ਮੇਰੇ ਲਈ ਅਸਮਾਨ ਦੇ ਖੰਡਰ ਲਿਖੇ ਗਏ

ਰਸਮਾਂ ਦੀਆਂ ਦੀਵਾਰਾਂ ਵਿਚ ਕੈਦ ਰੂਹ ਹਾਂ ਕੋਈ
ਮੇਰੇ ਲਈ ਨਾ ਧਰਤ ਨਾ ਅੰਬਰ ਲਿਖੇ ਗਏ

ਦਿਲ ਵਿਚ ਸੀ ਵਹਿੰਦਾ ਪਿਆਰ ਦਾ ਦਰਿਆ ਜੋ, ਸੁੱਕ ਗਿਆ
ਮੇਰੇ ਨਸੀਬ ਪੱਥਰਾਂ ਅੰਦਰ ਲਿਖੇ ਗਏ

ਕੁਝ ਇਸ ਕਦਰ ਸੀ ਦੋਸਤੋ ਮੌਸਮ ਉਹ ਬੇਤਰਸ
ਫੁੱਲਾਂ ਜਿਹੇ ਲਫ਼ਜ਼ਾਂ 'ਚ ਵੀ ਖੰਜਰ ਲਿਖੇ ਗਏ

ਇਨਸਾਨੀਅਤ ਦੀ ਲਾਲ ਰੱਤ ਵਿਚ ਕਾਨੀ ਡੋਬ ਕੇ
ਧਰਤੀ ਦੇ ਉੱਤੇ ਮਸਜਿਦਾਂ, ਮੰਦਰ ਲਿਖੇ ਗਏ

✯

ਰੋਕ ਨਾ ਬੇਹਾਲ ਦਿਲ ਨੂੰ ਰੋਣ ਦੇ
ਹੰਝੂ ਹੰਝੂ ਜ਼ਿੰਦਗੀ ਨੂੰ ਹੋਣ ਦੇ

ਹੋ ਗਈ ਹੈ ਪਤਝੜਾਂ ਸੰਗ ਦੋਸਤੀ
ਹੁਣ ਬਹਾਰਾਂ ਨੂੰ ਰਵਾਨਾ ਹੋਣ ਦੇ

ਖੋਹ ਲਈ ਜਿਸ ਦੀ ਸੁਗੰਧੀ ਪੌਣ ਨੇ
ਪੱਤੀ-ਪੱਤੀ ਉਸ ਕਲੀ ਨੂੰ ਹੋਣ ਦੇ

ਮੈਂ ਤੇਰੇ ਹੱਥਾਂ 'ਚ ਮਹਿੰਦੀ ਬਣ ਰਚਾਂ
ਤੂੰ ਨਜ਼ਰ ਆਪਣੀ 'ਚ ਮੈਨੂੰ ਖੋਣ ਦੇ

ਚੰਨ ਤੋਂ ਲੈ ਕੇ ਉਧਾਰੀ ਚਾਨਣੀ
ਰਾਤ ਦੇ ਆਂਚਲ ਤੋਂ ਕਾਲਖ ਧੋਣ ਦੇ

✵

ਗੁਨਾਹ ਕੀ ਹੋ ਗਿਆ ਜੇ ਪਿਆਰ ਬਦਲੇ ਪਿਆਰ ਮੈਂ ਮੰਗਿਆ
ਤੁਸੀਂ ਜੀਭਾਂ ਦੀ ਸੂਲ਼ੀ 'ਤੇ ਮੇਰਾ ਕਿਰਦਾਰ ਕਿਉਂ ਟੰਗਿਆ

ਜੋ ਚੜ੍ਹਦੇ ਨੇ ਸਲੀਬਾਂ 'ਤੇ ਉਹ ਹੁੰਦੇ ਸੱਚ ਦੀ ਤਾਕਤ
ਚੜ੍ਹਾਉਂਦੇ ਜੋ ਸਲੀਬਾਂ 'ਤੇ ਉਨ੍ਹਾਂ ਨੂੰ ਕੂੜ ਨੇ ਡੰਗਿਆ

ਨਾ ਇਹਨਾਂ ਕਾਲ਼ੀਆਂ ਕੰਧਾਂ 'ਤੇ ਉਕਰੋ ਪਿਆਰ ਦੀ ਮੂਰਤ
ਇਨ੍ਹਾਂ 'ਤੇ ਰਹਿਣ ਦੇਵੋ ਨਫ਼ਰਤਾਂ ਦਾ ਬੁੱਤ ਹੀ ਟੰਗਿਆ

ਨਾ ਹੂੰਝੋ ਹੁਸਨ ਕੁਦਰਤ 'ਚੋਂ, ਸਲਾਮਤ ਹੀ ਰਹੇ ਸ਼ਾਲਾ
ਹਰਿਕ ਕੋਨਾ ਖ਼ੁਦਾਈ ਦਾ ਖ਼ੁਦਾ ਦੇ ਰੰਗ ਵਿਚ ਰੰਗਿਆ

ਉਸੇ ਦੇ ਨਾਲ ਸਨ ਇਹ ਰੰਗ ਸਭ ਮੇਰੀ ਰੰਗੋਲੀ ਦੇ
ਉਦ੍ਹੇ ਮਗਰੋਂ ਰਿਹਾ ਦਿਲ ਦਰਦ ਦੀ ਸੂਲੀ 'ਤੇ ਹੀ ਟੰਗਿਆ

✵

ਜੇ ਮੌਸਮ ਖ਼ੁਸ਼ਨੁਮਾ ਹੋਵੇ ਅਸੀਂ ਕਚਨਾਰ ਲਿਖਦੇ ਹਾਂ
ਤਲਖ਼ ਹੁੰਦੀ ਹੈ ਜਦ ਸਾਰੀ ਫਿਜ਼ਾ, ਅੰਗਿਆਰ ਲਿਖਦੇ ਹਾਂ

ਅਸੀਂ ਦਾਮਨ ਫੈਲਾ ਕੇ ਖ਼ੈਰ ਮੰਗਦੇ ਹਾਂ ਮੁਹੱਬਤ ਦੀ
ਤੇ ਲਫ਼ਜ਼ਾਂ ਦੇ ਕਲਾਵੇ ਵਿਚ ਵਫ਼ਾ ਸੌ ਵਾਰ ਲਿਖਦੇ ਹਾਂ

ਦਿਲਾਂ ’ਤੇ ਦਸਤਕਾਂ ਦਿੰਦਾ ਹੈ ਤੇਰੀ ਯਾਦ ਦਾ ਸੂਰਜ
ਕਿ ਦਿਲ ਦੀ ਵੇਦਨਾ ਨੂੰ ਰੌਸ਼ਨੀ ਦਾ ਸਾਰ ਲਿਖਦੇ ਹਾਂ

ਉਹ ਮੌਸਮ ਮਹਿਕ ਦਾ ਸੀ ਜਦ ਸੀ ਸਾਡੇ ਫੁੱਲ ਕੁਮਲਾਏ
ਉਦੋਂ ਤੋਂ ਜ਼ਿੰਦਗੀ ਦੀ ਸ਼ਾਖ਼ ’ਤੇ ਬਸ ਖ਼ਾਰ ਲਿਖਦੇ ਹਾਂ

ਇਨ੍ਹਾਂ ਹਰਫ਼ਾਂ ਦੀ ਦੁਨੀਆਂ ਵਿਚ ਨਹੀਂ ਹੈ ਦੋ-ਦਿਲੀ ਅਪਣੀ
ਅਸੀਂ ਨਫ਼ਰਤ ਨੂੰ ਨਫ਼ਰਤ ਪਿਆਰ ਨੂੰ ਬਸ ਪਿਆਰ ਲਿਖਦੇ ਹਾਂ

✵

ਫਿਰ ਨਾ ਮੈਨੂੰ ਜ਼ਾਲਿਮ ਨੇ ਸਿਰ ਉਠਾ ਕੇ ਦੇਖਿਆ
ਖੰਜਰਾਂ ਤਾਈਂ ਜਦੋਂ ਮੈਂ ਮੁਸਕਰਾ ਕੇ ਦੇਖਿਆ

ਫਿਰ ਮੇਰੀ ਮੰਜ਼ਿਲ ਨੇ ਮੈਨੂੰ ਤੜਪ ਕੇ ਦਿੱਤੀ ਸਦਾ
ਰੁੱਸਿਆਂ ਰਾਹਾਂ ਨੂੰ ਅੱਜ ਮੈਂ ਫਿਰ ਮਨਾ ਕੇ ਦੇਖਿਆ

ਨੇੜੇ ਹੋ ਕੇ ਦੇਖਿਆ ਮੰਜ਼ਰ ਮੈਂ ਉਸਦੀ ਪਿਆਸ ਦਾ
ਨਾਲ ਸਾਗਰ ਦੇ ਜਦੋਂ ਮੈਂ ਦਿਲ ਲਗਾ ਕੇ ਦੇਖਿਆ

ਦਰਦ ਮੇਰੇ ਦਿਲ ਦਾ ਮੇਰੇ ਨੈਣਾਂ ਦੇ ਵਿਚ ਆ ਗਿਆ
ਯਾਦ ਤੇਰੀ ਨੂੰ ਜਦੋਂ ਮੈਂ ਸੀਨੇ ਲਾ ਕੇ ਦੇਖਿਆ

ਤੇਰੀਆਂ ਨਜ਼ਰਾਂ 'ਚ ਸੀ ਘੁਲਿਆ ਇਸ਼ਾਰਾ ਪਿਆਰ ਦਾ
ਤੇਰੀਆਂ ਨਜ਼ਰਾਂ ਨੂੰ ਮੈਂ ਨਜ਼ਰਾਂ ਬਚਾ ਕੇ ਦੇਖਿਆ

✯

ਫ਼ਿਕਰ ਨਾ ਕਰ ਇਸ ਖ਼ਿਜ਼ਾਂ ਦਾ ਬੀਤ ਜਾਏਗੀ ਜ਼ਰੂਰ
ਛਾਏਗਾ ਤੇਰੇ ਚਮਨ 'ਤੇ ਫਿਰ ਬਹਾਰਾਂ ਦਾ ਸਰੂਰ

ਸਾਗਰਾਂ ਵਿਚ ਰਲ਼ ਹੀ ਜਾਏਗਾ ਇਹ ਜਲ ਦਾ ਬੁਲਬੁਲਾ
ਦੋ ਘੜੀ ਦੀ ਜ਼ਿੰਦਗੀ 'ਤੇ ਕਿਸ ਲਈ ਏਨਾ ਗ਼ਰੂਰ

ਇਸ ਸੁਹਾਵੇ ਬਾਗ਼ ਦੇ ਫੁੱਲਾਂ ਦਾ ਇਉਂ ਹੋਇਆ ਨਸ਼ਾ
ਆਪ ਹੀ ਰਾਹ ਭੁੱਲ ਬੈਠੀ, ਕੀ ਹੈ ਮੰਜ਼ਿਲ ਦਾ ਕਸੂਰ

ਤੇਰੇ ਕੁਝ ਹੀ ਲਫ਼ਜ਼ ਮੇਰੇ ਦਿਲ ਦਾ ਮੌਸਮ ਬਦਲਦੇ
ਝੂਮ ਉਠਦੀ ਜ਼ਿੰਦਗੀ ਚਿਹਰੇ 'ਤੇ ਆ ਜਾਂਦਾ ਹੈ ਨੂਰ

ਕੌਣ ਆ ਕੇ ਖੜ੍ਹ ਗਿਆ ਨੈਣਾਂ ਦੇ ਸ਼ੀਸ਼ੇ ਸਾਹਮਣੇ
ਹੋ ਗਿਆ ਚਿਹਰਾ ਗੁਲਾਬੀ ਚੜ੍ਹ ਗਿਆ ਜਿੰਦ ਨੂੰ ਸਰੂਰ

ਹੁਣ ਨਹੀਂ ਗ਼ਮ ਕਿ ਮਸੀਹਾ ਮੇਰੇ ਦਰ ਤੋਂ ਮੁੜ ਗਿਆ
ਬਣ ਗਿਆ ਮੇਰਾ ਮਸੀਹਾ, ਮੇਰੇ ਹੀ ਦਿਲ ਦਾ ਨਾਸੂਰ

ਪੱਤੀਆਂ ਖਿੰਡੀਆਂ ਨੇ ਰਾਹ ਵਿਚ, ਕਿਣਮਿਣੀ ਦਾ ਦੌਰ ਹੈ
ਦੇਖ ਲਓ ਕੁਝ ਕਦਮ ਚਲ ਕੇ, ਹੈ ਸਫ਼ਰ ਦਿਲਕਸ਼, ਹਜ਼ੂਰ

✵

ਬਣ ਕੇ ਚਿਰਾਗ਼ ਨ੍ਹੇਰ ਵਿਚ ਬਲਦੀ ਰਹੀ ਹਾਂ ਮੈਂ
ਆਪੇ ਹੀ ਅਪਣੇ ਸੇਕ ਵਿਚ ਜਲਦੀ ਰਹੀ ਹਾਂ ਮੈਂ

ਅੱਖੀਆਂ 'ਚ ਖ਼ਾਬ ਮੰਜ਼ਲਾਂ ਦੇ ਜਦ ਸਜਾ ਲਏ
ਫਿਰ ਸ਼ੀਸ਼ਿਆਂ ਦੀ ਧਾਰ 'ਤੇ ਚਲਦੀ ਰਹੀ ਹਾਂ ਮੈਂ

ਛਾਵਾਂ 'ਚ ਬਹਿ ਕੇ ਤਪਸ਼ ਦੀ ਛੇੜੀ ਨਾ ਗੱਲ ਮੈਂ
ਦੱਸਣ ਤੋਂ ਦਰਦ ਅਪਣਾ ਟਲਦੀ ਰਹੀ ਹਾਂ ਮੈਂ

ਬਣ ਕੇ ਭਰਮ ਮੈਂ ਨੀਰ ਦਾ ਸਹਿਰਾ 'ਚ ਵਿਛ ਗਈ
ਐਵੇਂ ਹੀ ਤੇਰੀ ਪਿਆਸ ਨੂੰ ਛਲਦੀ ਰਹੀ ਹਾਂ ਮੈਂ

ਦਿਲ ਦੇ ਵੀਰਾਨਿਆਂ 'ਚ ਫੁੱਲ ਯਾਦਾਂ ਦੇ ਖਿੜ ਗਏ
ਬਣ-ਬਣ ਕੇ ਮਹਿਕ ਗੀਤ ਵਿਚ ਰਲ਼ਦੀ ਰਹੀ ਹਾਂ ਮੈਂ

✻

ਪਿਆਰ ਤੇਰਾ ਕਹਿ ਗਿਆ ਹੈ ਜਦ ਤੋਂ ਮੈਨੂੰ ਅਲਵਿਦਾ
ਹੋ ਗਿਆ ਹੈ ਦਿਲ ਦਾ ਮੌਸਮ, ਕੁਝ ਤਲਖ਼, ਕੁਝ-ਕੁਝ ਖ਼ਫ਼ਾ

ਖ਼ਾਬ ਵਿਚ ਆ ਕੇ ਰੋਜ਼ਾਨਾ ਦਿਲ 'ਤੇ ਦਿੰਦੀ ਦਸਤਕਾਂ
ਪਿਆਰ ਦੀ ਉਹ ਭਟਕਦੀ ਤੇ ਸਹਿਕਦੀ ਹੋਈ ਸਦਾ

ਤੜਪਦੀ ਹੋਈ ਨਦੀ ਨੇ ਕੰਢਿਆਂ ਨੂੰ ਆਖਿਆ
ਰੁਲ ਗਈ ਸੀ ਜੇ ਨ ਦਿੰਦੇ ਪਾਣੀਆਂ ਨੂੰ ਆਸਰਾ

ਸ਼ੋਖ ਤੇ ਚੰਚਲ ਅਦਾਵਾਂ ਮੇਰੀਆਂ ਹੋਈਆਂ ਉਦਾਸ
ਗ਼ਮ ਹੰਢਾਵਣ ਦੀ ਹੈ ਆਈ ਖ਼ੂਬ ਹੁਣ ਮੈਨੂੰ ਅਦਾ

ਚਾਰੇ ਪਾਸੇ ਮੇਰੇ ਭਾਵੇਂ ਰਿਸ਼ਤਿਆਂ ਦੀ ਭੀੜ ਹੈ
ਰਾਤ ਦਿਨ ਪਰ ਤੜਪਦਾ ਹੈ ਮੇਰੇ ਦਿਲ ਵਿਚਲਾ ਖ਼ਲਾਅ

⁕

ਤਪਦਿਆਂ ਪੈਰਾਂ ਨੂੰ ਛਾਂ ਦੀ ਰਹਿਨੁਮਾਈ ਮਿਲ ਗਈ
ਰਾਹਾਂ ਵਿਚ ਭਟਕੇ ਮੁਸਾਫ਼ਿਰ ਨੂੰ ਖ਼ੁਦਾਈ ਮਿਲ ਗਈ

ਕਾਲ਼ਿਆਂ ਹਰਫ਼ਾਂ ਦੇ ਨੈਣੀਂ ਲੋਅ ਦਾ ਕੱਜਲ ਪਾਉਣ ਨੂੰ
ਕੁਝ ਕੁ ਛਿੱਟਾਂ ਰੌਸ਼ਨੀ ਸੂਰਜ ਦੀ ਜਾਈ ਮਿਲ ਗਈ

ਸੱਤ ਜਨਮਾਂ ਦੀ ਵਫ਼ਾ ਇੱਕ ਦੂਸਰੇ ਦੇ ਨਾਮ ਸੀ
ਹਮਸਫ਼ਰ ਤੋਂ ਅੱਧ ਵਿਚ ਹੀ ਬੇਵਫ਼ਾਈ ਮਿਲ ਗਈ

ਨਿੱਘ ਹੁੰਦਾ ਸੀ ਕਦੇ ਸ਼ੇਅਰਾਂ 'ਚ ਤੇਰੀ ਹੋਂਦ ਦਾ
ਮਿਲ ਗਈ ਗ਼ਜ਼ਲਾਂ ਨੂੰ ਅੱਜ ਤੇਰੀ ਜੁਦਾਈ ਮਿਲ ਗਈ

*

ਖ਼ਿਜਾਂ ਦਾ ਕਹਿਰ ਹੈ ਕੈਸਾ ਕਿ ਹਰ ਪਾਸੇ ਉਦਾਸੀ ਹੈ
ਘਟਾ ਨਾਰਾਜ਼ ਹੈ ਤੇਰੀ ਮੇਰੀ ਧਰਤੀ ਪਿਆਸੀ ਹੈ

ਇਹ ਮੇਰੇ ਦਿਲ ਦਾ ਮੌਸਮ ਅਜ ਤਲਖ਼ ਤੇ ਚੁੱਪ ਹੈ ਏਦਾਂ
ਕਿ ਮੇਰੇ ਜਜ਼ਬਿਆਂ ਦੀ ਹਰ ਇਕ ਟਾਹਣੀ ਬੇਲਿਬਾਸੀ ਹੈ

ਹੈ ਤੇਰੀ ਆਸ 'ਤੇ ਉੱਗਿਆ ਥਲਾਂ ਵਿਚ ਪਿਆਰ ਦਾ ਬੂਟਾ
ਮਿਹਰ ਤੇਰੀ ਦੀ ਪਰ ਬਰਸਾਤ ਹਾਲੇ ਅਣਕਿਆਸੀ ਹੈ

ਕਿਵੇਂ ਤੂੰ ਬੰਸਰੀ ਦੀ ਤਾਨ ਸੁਣ ਕੇ ਦਿਲ ਗੁਆ ਬੈਠਾ
ਕਿ ਉਹ ਤਾਂ ਬਾਂਸ ਦੀ ਪੋਰੀ ਹੈ ਸਦੀਆਂ ਤੋਂ ਉਦਾਸੀ ਹੈ

ਨਦੀ ਦੀ ਹਰ ਲਹਿਰ ਹੀ ਪਿਆਸ ਦਾ ਪਈ ਵਾਸਤਾ ਦੇਵੇ
ਕਿਸੇ ਦੀ ਪਿਆਸ ਕੀ ਮੇਟੇ ਜੋ ਆਪੇ ਹੀ ਪਿਆਸੀ ਹੈ

✵

ਮੇਰੇ ਅਹਿਸਾਸ ਦੇ ਫੁੱਲ ਹੁਣ ਅੰਗਾਰੇ ਹੋਣ ਲੱਗੇ ਨੇ
ਕਿ ਮੇਰੇ ਗੀਤ ਹੁਣ ਹੰਝੂਆਂ ਤੋਂ ਖ਼ਾਰੇ ਹੋਣ ਲੱਗੇ ਨੇ

ਮੇਰੇ ਦਿਲ ਵਿਚਲੀਆਂ ਚੀਸਾਂ ਦਾ ਬੰਨ੍ਹ ਟੁੱਟਣ ਹੀ ਵਾਲਾ ਹੈ
ਕਿ ਸਾਗਰ ਅੱਖੀਆਂ ਦੇ ਬੇਕਿਨਾਰੇ ਹੋਣ ਲੱਗੇ ਨੇ

ਮੇਰੇ ਦਿਲ ਦੀ ਕੋਈ ਟਾਹਣੀ ਸਬੂਤੀ ਨਾ ਬਚੀ ਹੁਣ ਤਾਂ
ਗ਼ਮਾਂ ਦੇ ਵੀ ਪਰਿੰਦੇ ਬੇਸਹਾਰੇ ਹੋਣ ਲੱਗੇ ਨੇ

ਇਹ ਨਸ਼ਤਰ, ਜ਼ਖ਼ਮ, ਬੇਰਹਿਮੀ, ਇਹ ਸਭ ਕੁਝ ਕੀ ਹੈ ਦੱਸ ਮੈਨੂੰ
ਕਿ ਦੱਸ ਇਹ ਕਿਹੜਿਆਂ ਦੁੱਖਾਂ ਦੇ ਚਾਰੇ ਹੋਣ ਲੱਗੇ ਨੇ

ਸਫ਼ਰ ਵੀ ਬਾਝ ਤੇਰੇ ਜਾਪਦਾ ਹੈ ਹਾਦਸਾ ਜੀਕਣ
ਕਿ ਹਰ ਇਕ ਮੋੜ 'ਤੇ ਗ਼ਮ ਦੇ ਇਸ਼ਾਰੇ ਹੋਣ ਲੱਗੇ ਨੇ

✡

ਸੋਚ ਵਿਚੋਂ ਭਖਦੀਆਂ ਚਿਣਗਾਂ ਚੁਰਾ ਕੇ ਲੈ ਗਿਆ
ਕੋਈ ਮੇਰੇ ਮੱਥੇ 'ਚੋਂ ਨਜ਼ਮਾਂ ਚੁਰਾ ਕੇ ਲੈ ਗਿਆ

ਸਿਸਕਦੀ ਨੂੰ ਦੇਖ ਕੇ ਤਾਂ ਕਰ ਗਿਆ ਅਣਦੇਖਿਆ
ਹਾਸਿਆਂ 'ਚੋਂ ਪਰ ਮੇਰੇ ਕਲੀਆਂ ਚੁਰਾ ਕੇ ਲੈ ਗਿਆ

ਬੇਵਫ਼ਾਈ ਦਾ ਨਾ ਉਸ ਨੇ ਛੱਡਿਆ ਕੋਈ ਸਬੂਤ
ਝੂਠੇ ਲਾਰੇ, ਝੂਠੀਆਂ ਕਸਮਾਂ ਚੁਰਾ ਕੇ ਲੈ ਗਿਆ

ਹੋ ਗਈ ਹੈ ਜ਼ਿੰਦਗੀ ਬੇਨੂਰ ਹੁਣ ਉਸ ਦੇ ਬਿਨਾਂ
ਅੱਖੀਆਂ 'ਚੋਂ ਸਾਰੀਆਂ ਕਿਰਨਾਂ ਚੁਰਾ ਕੇ ਲੈ ਗਿਆ

ਉਸ ਦੀ ਸੁਹਬਤ ਨਾਲ ਸਨ ਮੌਸਮ ਦੀਆਂ ਰੰਗੀਨੀਆਂ
ਜ਼ਿੰਦਗੀ ਦੇ ਰੰਗ ਸਭ, ਨਜ਼ਰਾਂ ਚੁਰਾ ਕੇ ਲੈ ਗਿਆ

ਉਸ ਦਿਆਂ ਹੀ ਇਸ਼ਾਰਿਆਂ 'ਤੇ ਨੱਚਦੇ ਸੁਰ ਤਾਲ ਸਨ
ਉਹ ਜੋ ਦਿਲ ਦੇ ਸਾਜ਼ 'ਚੋਂ ਤਰਜ਼ਾਂ ਚੁਰਾ ਕੇ ਲੈ ਗਿਆ

✯

ਬਹਾਰਾਂ ਦੀ ਸੁਹਾਣੀ ਰੁੱਤ ਵਿਚ ਦੇ੍ਹ ਖ਼ਾਰ ਨਾ ਮੈਨੂੰ
ਤੂੰ ਸਾਵਣ ਦੇ ਮਹੀਨੇ ਇੰਜ ਪਿਆਸੀ ਮਾਰ ਨਾ ਮੈਨੂੰ

ਮੈਂ ਖ਼ਾਬਾਂ ਵਿਚ ਵਸਾ ਲੈਣੇ ਹਜ਼ਾਰਾਂ ਚੰਨ ਤੇ ਸੂਰਜ
ਤੇਰੇ ਚਾਨਣ ਦੇ ਲਾਰੇ ’ਤੇ ਕੋਈ ਇਤਬਾਰ ਨਾ ਮੈਨੂੰ

ਮੇਰੇ ਜੀਵਨ ਦੇ ਹਰ ਰੁੱਖ ਨੂੰ ਕਿਸੇ ਸੂਲੀ ਬਣਾ ਦਿੱਤਾ
ਤੇ ਹੁਣ ਕਦਮਾਂ ’ਚ ਵਿਛਦੀ ਘਾਹ ’ਤੇ ਵੀ ਇਤਬਾਰ ਨਾ ਮੈਨੂੰ

ਮੇਰੇ ਦਿਲ ਦੇ ਸਮੁੰਦਰ ’ਚੋਂ ਚੁਰਾ ਕੇ ਲਹਿਰ ਉਲਫ਼ਤ ਦੀ
ਤੂੰ ਬਿਰਹੋਂ ਦੇ ਥਲਾਂ ਵਿਚ ਹੁਣ ਪਿਆਸੀ ਮਾਰ ਨਾ ਮੈਨੂੰ

ਮੈਂ ਦੁੱਖਾਂ ਦੀ ਘੜੀ ਵਿਚ ਵੀ ਸਮਾਂ ਹੱਸ ਕੇ ਲੰਘਾਇਆ ਹੈ
ਕਿ ਹੁਣ ਕਮਜ਼ੋਰ ਕਰ ਸਕਦੀ ਗ਼ਮਾਂ ਦੀ ਮਾਰ ਨਾ ਮੈਨੂੰ

✵

ਉਮਰ ਦੇ ਹਰ ਮੋੜ ਤੋਂ ਕੋਈ ਨਜ਼ਾਰਾ ਮੰਗੀਏ
ਜ਼ਿੰਦਗੀ ਤੋਂ ਪਿਆਰ ਦਾ ਹਰ ਪਲ ਇਸ਼ਾਰਾ ਮੰਗੀਏ

ਚੰਨ, ਤਾਰੇ, ਜੁਗਨੂੰਆਂ ਨੂੰ ਸੋਚ ਅੰਦਰ ਸਾਂਭ ਕੇ
ਨ੍ਹੇਰਿਆਂ ਵਿਚ ਰੌਸ਼ਨੀ ਦਾ ਇਉਂ ਸਹਾਰਾ ਮੰਗੀਏ

ਹੋਸ਼ ਦੀ ਬੇੜੀ ਨੂੰ ਜੇਕਰ ਪਾਰ ਲਾਉਣਾ ਲੋਚੀਏ
ਫੇਰ ਬਸ ਦੀਵਾਨਗੀ ਦਾ ਹੀ ਕਿਨਾਰਾ ਮੰਗੀਏ

ਜੋ ਗ਼ਜ਼ਲ ਮੇਰੀ ਵਸਾਵੇ ਦਿਲ 'ਚ ਫੁੱਲਾਂ ਵਾਂਗਰਾਂ
ਰੱਬ ਤੋਂ ਖ਼ੈਰਾਤ ਵਿਚ ਲਫ਼ਜ਼ਾਂ ਦਾ ਪਿਆਰਾ ਮੰਗੀਏ

ਜੇ ਉਹ ਮੇਰੀ ਜ਼ਿੰਦਗੀ ਤੋਂ ਦੂਰ ਹੈ ਤਾਂ ਗ਼ਮ ਨਹੀਂ
ਸੁਪਨਿਆਂ ਵਿਚ ਮਿਲਣ ਦਾ ਹੀ ਉਸ ਤੋਂ ਲਾਰਾ ਮੰਗੀਏ

✵

ਮੇਰੇ ਘਰ ਵੀ ਆਇਆ ਹੈ ਝੋਂਕਾ ਹਵਾ ਦਾ
ਅਸਰ ਹੋ ਗਿਆ ਹੈ ਇਹ ਕਿਸ ਦੀ ਦੁਆ ਦਾ

ਹੈ ਬੇਬਸ ਬਹੁਤ ਮੇਰੇ ਨੈਣਾਂ ਦਾ ਸੁਪਨਾ
ਮੈਂ ਵਾਅਦਾ ਕਰਾਂ ਕਿੰਜ ਅਪਣੀ ਵਫ਼ਾ ਦਾ

ਜੋ ਰੰਗਾਂ 'ਚ ਉਲਝੀ ਉਹ ਤਸਵੀਰ ਮੈਂ ਹਾਂ
ਮੈਂ ਜੰਗਲ 'ਚ ਗੁੰਮਿਆ ਤਰਾਨਾ ਹਵਾ ਦਾ

ਹੈ ਨਾਸੂਰ ਕੋਈ ਮੇਰੇ ਦਿਲ ਦੇ ਅੰਦਰ
ਅਸਰ ਕੋਈ ਹੋਣਾ ਨਹੀਂ ਹੁਣ ਦਵਾ ਦਾ

ਲਹੂ ਨਾਲ ਸਿੰਜਿਆ ਸੀ ਮੈਂ ਵੀ ਤਾਂ ਬੂਟਾ
ਕੋਈ ਫੁੱਲ ਨਾ ਖਿੜਿਆ ਮੇਰੀ ਆਸਥਾ ਦਾ

✵

ਤੇਰੇ ਨੈਣਾਂ ਦੀ ਮੈਕਸ਼ੀ ਖ਼ਾਤਿਰ
ਕਿੰਨਾ ਤੜਪੀ ਮੈਂ ਜ਼ਿੰਦਗੀ ਖ਼ਾਤਿਰ

ਤੇਰੇ ਚੇਤੇ ਨੂੰ ਟਾਲ ਕਿਉਂ ਦੇਵਾਂ
ਅਪਣੇ ਮਨ ਦੀ ਮੈਂ ਸ਼ਾਂਤੀ ਖ਼ਾਤਿਰ

ਗਹਿਰੇ ਸਾਗਰ ਨੂੰ ਤਰ ਕੇ ਆਈ ਹਾਂ
ਤੇਰੀ ਉਲਫ਼ਤ ਦੀ ਇਕ ਕਣੀ ਖ਼ਾਤਿਰ

ਕਿੰਨੇਂ ਨੈਣਾਂ ਦਾ ਨੂਰ ਖੋਹਿਆ ਤੂੰ
ਅਪਣੇ ਨ੍ਹੇਰੇ ਦੀ ਪੈਰਵੀ ਖ਼ਾਤਿਰ

ਬਣ ਕੇ ਖ਼ੁਸ਼ਬੂ ਵਸਾਂ ਮੈਂ ਪੌਣਾਂ ਵਿਚ
ਕਿਹੜੇ ਗੁਲਸ਼ਨ ਦੀ ਤਾਜ਼ਗੀ ਖ਼ਾਤਿਰ

ਦਰ ਤੋਂ ਸੂਰਜ ਦੀ ਕਿਰਨ ਮੋੜੀ ਮੈਂ
ਅਪਣੇ ਜੁਗਨੂੰ ਦੀ ਰੌਸ਼ਨੀ ਖ਼ਾਤਿਰ

✷

ਕਿਸੇ ਦਾ ਜ਼ਿਕਰ ਹੋਠੀਂ ਆ ਗਿਆ ਵਗਦੀ ਹਵਾ ਵਾਂਗੂੰ
ਥਲਾਂ ਦੀ ਪਿਆਸ ਖ਼ਾਤਰ ਬਰਸਦੀ ਪਾਗ਼ਲ ਘਟਾ ਵਾਂਗੂੰ

ਕਿਵੇਂ ਉਹ ਜ਼ਖ਼ਮ ਦੇ ਕੇ ਤੁਰ ਗਏ ਨੇ ਜ਼ਿੰਦਗਾਨੀ ਨੂੰ
ਜੋ ਹੁੰਦੇ ਸੀ ਕਦੇ ਦਿਲਦਾਰ ਜ਼ਖ਼ਮਾਂ ਦੀ ਦਵਾ ਵਾਂਗੂੰ

ਜਦੋਂ ਤੂੰ ਨਾਲ ਸੀ ਸਾਡੇ ਤਾਂ ਹਰ ਇਕ ਰੁੱਤ ਪਿਆਰੀ ਸੀ
ਤੇਰੇ ਬਾਝੋਂ ਤਾਂ ਸਾਨੂੰ ਹੋ ਗਿਆ ਸਾਵਣ ਸਜ਼ਾ ਵਾਂਗੂੰ

ਤੂੰ ਮੈਥੋਂ ਮੋੜਿਆ ਚਿਹਰਾ ਜਿਵੇਂ ਰੁੱਸੀ ਖ਼ੁਦਾਈ ਹੈ
ਤੇਰਾ ਚਿਹਰਾ ਹੀ ਸੀ ਮੇਰੇ ਲਈ ਜੀਕਣ ਖ਼ੁਦਾ ਵਾਂਗੂੰ

ਇਹ ਮੇਰੀ ਜ਼ਿੰਦਗਾਨੀ ਤਾਂ ਕਹਾਣੀ ਪਿੰਜਰੇ ਦੀ ਹੈ
ਤੇ ਮੇਰੇ ਖ਼ਿਆਲ ਨੇ ਜੀਕਣ ਕਿਸੇ ਵਗਦੀ ਹਵਾ ਵਾਂਗੂੰ

✵

ਜਦ ਭੇਤ ਹੋਇਆ ਜ਼ਾਹਿਰ ਪੱਕਿਆਂ ਚੁਬਾਰਿਆਂ ਦਾ
ਕੱਦ ਹੋ ਗਿਆ ਉਚੇਰਾ ਕੁੱਲੀਆਂ ਤੇ ਢਾਰਿਆਂ ਦਾ

ਆਖਣ ਉਹ ਪਾਣੀਆਂ ਨੂੰ ਸੰਭਲ-ਸੰਭਲ ਕੇ ਚੱਲੋ
ਨਦੀਆਂ ਤੋਂ ਜਰ ਨਾ ਹੋਇਆ ਖ਼ੁਰਨਾ ਕਿਨਾਰਿਆਂ ਦਾ

ਕਰਕੇ ਵੀਰਾਨ ਗੁਲਸ਼ਨ, ਪੌਣਾਂ 'ਚੋਂ ਮਹਿਕ ਲੁੱਟ ਕੇ
ਕਿਸ ਨੇ ਹਸ਼ਰ ਇਹ ਕੀਤਾ, ਦਿਲਕਸ਼ ਨਜ਼ਾਰਿਆਂ ਦਾ

ਸ਼ਬਨਮ ਦੇ ਪਾਰਦਰਸ਼ੀ ਕਤਰੇ ਨੂੰ ਜਦ ਮੈਂ ਤੱਕਿਆ
ਬਸ ਅਕਸ ਮੈਨੂੰ ਦਿਸਿਆ ਅੰਬਰ ਦੇ ਤਾਰਿਆਂ ਦਾ

ਤਪਦੇ ਹੋਏ ਥਲਾਂ ਤੋਂ ਪੁੱਛੀ ਤਪਸ਼ ਦੀ ਗਾਥਾ
ਰੋ-ਰੋ ਕੇ ਜ਼ਿਕਰ ਕੀਤਾ ਕਿਣਮਿਣ ਦੇ ਲਾਰਿਆਂ ਦਾ

✵

ਮੈਂ ਦੀਵੇ ਵਾਂਗ ਤੇਰੇ ਨ੍ਹੇਰਿਆਂ ਵਿਚ ਬਾਵਫ਼ਾ ਹੋਵਾਂ
ਤੇਰੇ ਖ਼ਾਬਾਂ 'ਚ ਵੀ ਮੈਂ ਰੌਸ਼ਨੀ ਦਾ ਸਿਲਸਿਲਾ ਹੋਵਾਂ

ਤੇਰੀ ਦਹਿਲੀਜ਼ ਹੀ ਹੋਵੇ ਸਿਖ਼ਰ ਮੇਰੀ ਤਮੰਨਾ ਦਾ
ਤੂੰ ਐਸਾ ਦੇਵਤਾ ਹੋਵੇਂ ਤੇ ਮੈਂ ਐਸੀ ਦੁਆ ਹੋਵਾਂ

ਖ਼ਬਰ ਹੋਵੇ ਜਾਂ ਨਾ ਹੋਵੇ ਮੇਰੇ ਜ਼ਖ਼ਮਾਂ ਦੀ ਤੈਨੂੰ, ਪਰ
ਤੇਰੇ ਦਿਲ ਦੇ ਨਾਸੂਰਾਂ ਦੀ ਫ਼ਕਤ ਮੈਂ ਹੀ ਦਵਾ ਹੋਵਾਂ

ਕਦੇ ਬਣ ਕੇ ਘਟਾ ਮੈਂ ਤੇਰੀ ਪਿਆਸੀ ਧਰਤ 'ਤੇ ਬਰਸਾਂ
ਕਦੇ ਸੰਦਲੀ ਮਹਿਕ ਵਿਚ ਭਿੱਜੀਆਂ ਪੌਣਾਂ ਦਾ ਪਤਾ ਹੋਵਾਂ

ਤੂੰ ਬਣ ਕੇ ਫੁੱਲ ਗੁਲਸ਼ਨ ਵਿਚ ਖਿੰਡਾਵੇਂ ਰੰਗ ਤੇ ਮੁਸਕਾਨ
ਮੈਂ ਤੇਰੀ ਮਹਿਕ ਦਾ ਮੁਖ ਚੁੰਮਦੀ ਠੰਢੀ ਹਵਾ ਹੋਵਾਂ

✷

ਹੋ ਗਏ ਹਾਂ ਆਪਣੇ ਸਾਹਾਂ ਤੋਂ ਹੀ ਜਦ ਬੇਖ਼ਬਰ
ਜ਼ਿੰਦਗੀ ਸੰਗ ਜ਼ਰਬ ਕੀਤੇ ਰਿਸ਼ਤਿਆਂ ਦੀ ਕੀ ਖ਼ਬਰ

ਮੇਰਿਆਂ ਪੈਰਾਂ ਦੇ ਥੱਲੇ ਧਰਨ ਟੁਕੜੇ ਕੱਚ ਦੇ
ਨਾਲ ਮੇਰੇ ਜਾ ਰਹੇ ਨੇ ਕਿਸ ਤਰ੍ਹਾਂ ਦੇ ਹਮਸਫ਼ਰ

ਪੱਥਰਾਂ ਦਾ ਸ਼ਹਿਰ ਹੈ ਤੇ ਸ਼ੀਸ਼ਿਆਂ ਦੇ ਨੇ ਬਦਨ
ਪਾਰਦਰਸ਼ੀ ਬਣਨ ਦਾ ਦੇਖੋ ਕੀ ਹੁੰਦਾ ਹੈ ਹਸ਼ਰ

ਬੇਵਫ਼ਾਈ ਦੇ ਕਦਮ ਅਪਣੇ ਬਦਨ ’ਤੇ ਝੱਲ ਕੇ
ਹੋ ਗਈ ਜ਼ਖ਼ਮੀ ਜਿਹੀ ਇਹ ਪਿਆਰ ਦੀ ਪਾਵਨ ਡਗਰ

ਕਿਸ ਜਨਮ ਦੀ ਤੜਪ ਹੈ ਇਹ, ਕਿਸ ਦੀ ਹੈ ਇਸ ਨੂੰ ਤਲਾਸ਼
ਰੱਬ ਜਾਣੇ ਭਟਕਦੀ ਰਹਿੰਦੀ ਹੈ ਕਿਉਂ ਮੇਰੀ ਨਜ਼ਰ

✵

ਤਪੇ ਏਦਾਂ ਹਯਾਤੀ ਇਸ ਤਰ੍ਹਾਂ ਮਜਬੂਰ ਹੋ ਜਾਵੇ
ਮੇਰੀ ਚਾਹਤ ਦਾ ਸ਼ੀਸ਼ਾ ਦੋ ਪਲਾਂ ਵਿਚ ਚੂਰ ਹੋ ਜਾਵੇ

ਤੇਰੇ ਮੁੜ ਕੇ ਮਿਲਣ ਦੀ ਆਸ ਕੁਝ ਏਦਾਂ ਮਿਲੇ ਮੈਨੂੰ
ਕਿ ਦੁਖ ਤੇਰੀ ਜੁਦਾਈ ਦਾ ਜਿਗਰ ਤੋਂ ਦੂਰ ਹੋ ਜਾਵੇ

ਤੇਰੇ ਮੰਦਰ ਦਾ ਦੀਪਕ ਬੁਝ ਵੀ ਜਾਵੇ ਗ਼ਮ ਨਹੀਂ ਕੋਈ
ਮਿਟੇ ਦੁਨੀਆਂ ਦਾ ਨ੍ਹੇਰਾ ਤੇ ਮਨਾਂ ਵਿਚ ਨੂਰ ਹੋ ਜਾਵੇ

ਕਿਸੇ ਦਾ ਪਿਆਰ ਜਦ ਹੁੰਦਾ ਹੈ ਕੂਲ਼ੇ ਫੁੱਲ ਦੇ ਵਾਂਗੂੰ
ਕਿਸੇ ਦੀ ਯਾਦ ਕਿਉਂ ਜੀਵਨ ਲਈ ਨਾਸੂਰ ਹੋ ਜਾਵੇ

ਤਮੰਨਾ ਵਰ੍ਹਦੇ ਸਾਵਣ ਦੀ ਨਹੀਂ ਫਿਰ ਜਾਗਦੀ ਮੁੜ ਕੇ
ਜਦੋਂ ਥਲ ਆਪਣੀ ਹੀ ਪਿਆਸ ਵਿਚ ਮਗਰੂਰ ਹੋ ਜਾਵੇ

ਖ਼ਫ਼ਾ ਹੋ ਜਾਂਦੀ ਹੈ ਮੰਜ਼ਿਲ ਤੇ ਰਸਤੇ ਮੂੰਹ ਭੁਆ ਲੈਂਦੇ
ਕੋਈ ਨਾਪਾਕ ਕਿੱਸਾ ਜਦ ਕਿਤੇ ਮਸ਼ਹੂਰ ਹੋ ਜਾਵੇ

✵

ਤੇਰੀ ਇਕ ਝਲਕ ਦੀ ਸੱਜਣਾ ਜਦ ਦਿਲ ਅੰਦਰ ਚਾਹ ਹੁੰਦੀ ਹੈ
ਤੀਰਥ ਨਾਲੋਂ ਵਧ ਪਵਿੱਤਰ ਤੇਰੇ ਘਰ ਦੀ ਰਾਹ ਹੁੰਦੀ ਹੈ

ਹੰਝੂਆਂ ਦੇ ਵਿਚ ਭਿੱਜੀ ਹੋਈ ਨੈਣਾਂ ਦੇ ਵਿਚ ਉਕਰੀ ਹੋਈ
ਪੀੜ ਪਰੁੰਨ੍ਹੀ ਕਵਿਤਾ ਦੇ ਵਿਚ ਗੁੰਮਸੁਮ-ਗੁੰਮਸੁਮ ਆਹ ਹੁੰਦੀ ਹੈ

ਜਦ ਦਿਲਬਰ ਦੀ ਪ੍ਰੇਮ ਗਲੀ ਵਿਚ ਪੈਰ ਕਿਸੇ ਦੇ ਪੈ ਜਾਂਦੇ ਨੇ
ਤਦ ਇਸ ਜਾਬਰ, ਜ਼ਾਲਮ ਦੁਨੀਆਂ ਦੀ ਕਿਸ ਨੂੰ ਪਰਵਾਹ ਹੁੰਦੀ ਹੈ

ਇਕੋ ਜਿਹੇ ਨੇ ਦਿਲ ਤੇ ਸਾਗਰ ਦੋਹਾਂ ਦਾ ਇਕ ਭੇਤ ਹੈ ਸਾਂਝਾ
ਨਾ ਮਿਣ ਹੁੰਦੇ ਦਿਲ ਦੇ ਜਜ਼ਬੇ ਨਾ ਸਾਗਰ ਦੀ ਥਾਹ ਹੁੰਦੀ ਹੈ

ਪੱਥਰ ਦੀ ਮੂਰਤ ਵਿਚ ਵਸਦਾ ਰੱਬ ਜਦ ਮੈਥੋਂ ਰੁੱਸ ਜਾਂਦਾ ਹੈ
ਉਸ ਵੇਲ਼ੇ ਫਿਰ ਸਭ ਤੋਂ ਨੇੜੇ ਦਿਲ ਦੀ ਹੀ ਦਰਗਾਹ ਹੁੰਦੀ ਹੈ

✵

ਪਤਾ ਕੀ ਸੀ ਮੁਹੱਬਤ ਬੇਬਸੀ ਦਾ ਨਾਮ ਹੁੰਦੀ ਹੈ
ਤੇ ਚਾਹਤ ਦਿਲ ਦੀ, ਦੁਨੀਆਂ ਵਿਚ ਸਦਾ ਬਦਨਾਮ ਹੁੰਦੀ ਹੈ

ਮੈਂ ਸੜਦੀ ਰੇਤ ਹਾਂ ਥਲ ਦੀ, ਮੁਕੱਦਰ ਪਿਆਸ ਹੈ ਮੇਰਾ
ਘਟਾ ਵਰ੍ਹਦੀ ਜੋ ਮੇਰੀ ਰੇਤ ’ਤੇ ਇਲਜ਼ਾਮ ਹੁੰਦੀ ਹੈ

ਮੇਰੇ ਅਹਿਸਾਸ ਦੀ ਦੋਪਹਿਰ ਸ਼ਿੱਦਤ ਨਾਲ ਭਖਦੀ ਹੈ
ਘਰਾਂ ਨੂੰ ਮੁੜਨ ਜਦ ਪੰਛੀ ਤੇ ਅੰਬਰੀਂ ਸ਼ਾਮ ਹੁੰਦੀ ਹੈ

ਹਰਿਕ ਖ਼ਾਮੋਸ਼ ਬੁੱਤ ਵੀ ਪੁੱਛਦਾ ਕਿੱਸਾ ਤਬਾਹੀ ਦਾ
ਕਿਸੇ ਅਬਲਾ ਦੀ ਇੱਜ਼ਤ ਜਦ ਕਿਤੇ ਨੀਲਾਮ ਹੁੰਦੀ ਹੈ

ਸਦਾ ਛਿਪ ਜਾਂਦਾ ਹੈ ਸੂਰਜ ਤਾਂ ਲੈ ਕੇ ਭੇਤ ਚਾਨਣ ਦਾ
ਤੇ ਸਾਡੀ ਰਾਤ ਸਾਰੀ ਦੀਵਿਆਂ ਦੇ ਨਾਮ ਹੁੰਦੀ ਹੈ

ਤੇਰੇ ਤੁਰ ਜਾਣ ਪਿੱਛੋਂ ਹਾਲ ਇਹ ਹੋਇਆ ਹੈ ਮੌਸਮ ਦਾ
ਸੁਬ੍ਹਾ ਤੜਪੀ ਹੋਈ, ਹੰਝੂਆਂ ’ਚ ਭਿੱਜੀ ਸ਼ਾਮ ਹੁੰਦੀ ਹੈ

✵

ਕਿਵੇਂ ਉਹ ਪਿਆਰ ਦੇ ਨਗ਼ਮੇ ਨੂੰ ਏਨੇ ਸੋਜ਼ ਵਿਚ ਗਾਵੇ
ਜਿਵੇਂ ਪੱਥਰ ਦੇ ਸੀਨੇ 'ਚੋਂ ਕੋਈ ਚਸ਼ਮਾ ਨਿਕਲ ਆਵੇ

ਮੈਂ ਕੋਈ ਦੌਰ ਪਤਝੜ ਦਾ ਤੇ ਤੂੰ ਮਸਤੀ ਬਹਾਰਾਂ ਦੀ
ਤੇਰੀ ਮਹਿਕੀ ਹਵਾ ਕਿਉਂ ਉਜੜੀਆਂ ਸ਼ਾਖ਼ਾਂ ਨੂੰ ਲਹਿਰਾਵੇ

ਮੇਰੇ ਹੱਸਣ 'ਤੇ ਪਹਿਰੇ ਨੇ ਮਗਰ ਆਜ਼ਾਦ ਨੇ ਹੰਝੂ
ਦੁਆ ਹੈ ਤੇਰੀ ਮੁਸਕਰਾਹਟ ਮੇਰੇ ਸਾਹਾਂ 'ਚ ਰਲ਼ ਜਾਵੇ

ਮੈਂ ਦੀਵੇ ਬਾਲ ਕੇ ਵਿਛੜੇ ਪਲਾਂ ਦੇ ਰੂਬਰੂ ਹੋਈ
ਕਿਤੇ ਬੀਤੀ ਸੰਧੂਰੀ ਸ਼ਾਮ ਦੀ ਕੋਈ ਯਾਦ ਮਿਲ ਜਾਵੇ

ਬਦੀ ਪਲ ਪਲ ਵਧੇ ਜੱਗ 'ਤੇ, ਕਿਤੇ ਏਦਾਂ ਨਾ ਹੋ ਜਾਵੇ
ਸਮੁੰਦਰ ਝੂਠ ਦਾ ਸੱਚ ਦੇ ਜਜ਼ੀਰੇ ਨੂੰ ਨਿਗਲ ਜਾਵੇ

*

ਬੇਮੁਹਾਰੇ ਵਹਿਣ ਨੂੰ ਰੋਕੇ ਕਿਨਾਰਾ ਜਿਸ ਤਰ੍ਹਾਂ
ਜ਼ਿੰਦਗੀ ਨੂੰ ਮਿਲ ਸਕੇ ਤੇਰਾ ਸਹਾਰਾ ਇਸ ਤਰ੍ਹਾਂ

ਸਿਰ ਤੋਂ ਪੈਰਾਂ ਤੀਕ ਸਾਰੀ ਹੋ ਗਈ ਮੈਂ ਗੁਲਬਦਨ
ਮੌਸਮਾਂ ਦਾ ਮਿਲ ਗਿਆ ਕੋਈ ਇਸ਼ਾਰਾ ਇਸ ਤਰ੍ਹਾਂ

ਧਰਤ ’ਤੇ ਵੀ ਰਹਿ ਸਕਾਂ ਤੇ ਅਰਸ਼ ਨੂੰ ਵੀ ਛੂਹ ਲਵਾਂ
ਜ਼ਿੰਦਗੀ ਦੀ ਪੀਂਘ ਨੂੰ ਦੇ ਦੇ ਹੁਲਾਰਾ ਇਸ ਤਰ੍ਹਾਂ

ਪਰਤ ਆਵੇ ਬੰਸਰੀ ’ਚੋਂ ਕੂਹੂ-ਕੂਹੂ ਦੀ ਸਦਾ
ਦਿਲ ’ਚੋਂ ਸਰਗਮ ਦਾ ਜਨਮ ਹੋਵੇ ਦੁਬਾਰਾ ਇਸ ਤਰ੍ਹਾਂ

ਬੇਪਰੇ ਬੋਟਾਂ ਨੂੰ ਸੁੰਨੇ ਆਲ੍ਹਣੇ ਵਿਚ ਛੱਡ ਕੇ
ਸੋਚਦੀ ਹਾਂ ਹੋ ਗਏ ਪੰਛੀ ਅਵਾਰਾ ਕਿਸ ਤਰ੍ਹਾਂ

ਪਿਆਰ ਦੇ ਅਹਿਸਾਸ ਸਦਕਾ ਹੀ ਤਾਂ ਤੁਰਦੀ ਜ਼ਿੰਦਗੀ
ਪਿਆਰ ਜੇ ਗੁੰਮਰਾਹ ਕਰੇ ਹੋਵੇ ਗੁਜ਼ਾਰਾ ਕਿਸ ਤਰ੍ਹਾਂ

✵

ਹੁਣ ਤੂੰ ਮਿਲ ਭਾਵੇਂ ਨਾ ਮਿਲ ਕਿ ਆਰਜ਼ੂ ਕੋਈ ਨਹੀਂ
ਬੁਝ ਗਿਆ ਹੈ ਦਿਲ, ਰਹੀ ਹੁਣ ਜੁਸਤਜੂ ਕੋਈ ਨਹੀਂ

ਕੌਣ ਮੇਰੇ ਚਿਹਰੇ ਉਤਲੇ ਹਾਦਸੇ ਹੈ ਪੜ੍ਹ ਰਿਹਾ
ਮੈਂ ਹੀ ਹਾਂ ਸ਼ੀਸ਼ੇ ਦੇ ਸਾਹਵੇਂ, ਰੂਬਰੂ ਕੋਈ ਨਹੀਂ

ਕੱਚ ਦਾ ਮੇਰਾ ਬਦਨ, ਪੱਥਰਾਂ 'ਚ ਕਿਰਚਾਂ ਹੋ ਗਿਆ
ਰੁਲ਼ ਰਹੀ ਹਾਂ ਕੰਕਰਾਂ ਵਿਚ, ਆਬਰੂ ਕੋਈ ਨਹੀਂ

ਦਿਲ 'ਚ ਬਾਤਾਂ ਡੱਕੀਆਂ, ਨੈਣਾਂ 'ਚੋਂ ਹੰਝੂ ਕਿਰ ਰਹੇ
ਮੁੱਦਤਾਂ ਮਗਰੋਂ ਮਿਲੇ ਪਰ ਗੁਫ਼ਤਗੂ ਕੋਈ ਨਹੀਂ

ਅੰਬ ਦੇ ਰੁੱਖਾਂ ਦੀ ਕੁੱਖ 'ਚੋਂ ਬੂਰ ਕੀਹਨੇ ਝਾੜਿਆ
ਕੋਇਲਾਂ ਗ਼ਮਗੀਨ ਹੋਈਆਂ ਕੂਹਕੂ ਕੋਈ ਨਹੀਂ

✵

ਅਪਣੇ ਦਰਦ 'ਚ ਲੀਨ ਜਿਹੀ ਹਾਂ
ਨਜ਼ਮ ਕੋਈ ਗ਼ਮਗੀਨ ਜਿਹੀ ਹਾਂ

ਹਰ ਵੇਲ਼ੇ ਤਪੜਣ ਵਿਚ ਰਹਿੰਦੀ
ਜਲ ਤੋਂ ਵਿਛੜੀ ਮੀਨ ਜਿਹੀ ਹਾਂ

ਨਾਲ ਤੂਫ਼ਾਨਾਂ ਟੱਕਰ ਲੈਂਦੀ
ਬਲਦੀ ਜੋਤ ਮਹੀਨ ਜਿਹੀ ਹਾਂ

ਕਿਸੇ ਸਮੇਂ ਫੁੱਲ-ਪੱਤੀ ਵਰਗੀ
ਕਿਸੇ ਸਮੇਂ ਸੰਗੀਨ ਜਿਹੀ ਹਾਂ

ਹੰਝੂਆਂ ਵਿਚੋਂ ਗੀਤ ਉਗਾਂਦੀ
ਮੈਂ ਜ਼ਰਖੇਜ਼ ਜ਼ਮੀਨ ਜਿਹੀ ਹਾਂ

ਨਫ਼ਰਤ ਵੈਰ ਨੂੰ ਕੀਲ ਰਹੀ ਹਾਂ
ਪਿਆਰ ਦੀ ਮਿੱਠੀ ਬੀਨ ਜਿਹੀ ਹਾਂ

ਭੰਵਰ 'ਚ ਘਿਰੀ ਹੋਈ ਕਿਸ਼ਤੀ ਨੂੰ
ਸਾਹਿਲ ਜਿਹੇ ਯਕੀਨ ਜਿਹੀ ਹਾਂ

ਫੁੱਲਾਂ ਵਿਚ ਖੁਸ਼ਬੂਆਂ ਭਰਦੀ
ਰੁੱਤ ਕੋਈ ਰੰਗੀਨ ਜਿਹੀ ਹਾਂ

✯

ਹਮਸਫ਼ਰ ਮੇਰਾ ਨਹੀਂ ਸੀ ਬੇਵਫ਼ਾ
ਹੋ ਗਈ ਸੀ ਮੈਂ ਹੀ ਰਾਹਾਂ ਤੋਂ ਖਫ਼ਾ

ਖਿੜ ਪਏ ਦਿਲ-ਡਾਲ ’ਤੇ ਗੀਤਾਂ ਦੇ ਫੁੱਲ
ਦਰਦ ਦੇ ਅਹਿਸਾਸ! ਤੇਰਾ ਸ਼ੁਕਰੀਆ

ਬਣ ਗਏ ਨਾਸੂਰ, ਦਿਲ ਦਾ ਨੂਰ ਹੁਣ
ਮਿਲ ਗਿਆ ਹੈ ਪਿਆਰ ਦਾ ਮੈਨੂੰ ਸਿਲਾ

ਪੱਤਿਆਂ ਦੇ ਕੋਲ ਬਸ ਰਹਿ ਗਈ ਉਡੀਕ
ਲੰਘ ਗਈ ਛੂਹੇ ਬਿਨਾਂ ਅੱਜ ਵੀ ਹਵਾ

ਹੋ ਰਹੇ ਨੇ ਸ਼ਬਦ ਮੇਰੇ ਅਰਥਹੀਣ
ਪਿਆਰ ਨੂੰ ਮੈਂ ਕਹਿ ਰਹੀ ਹਾਂ ਅਲਵਿਦਾ

ਐ ਖ਼ੁਦਾ ਲਿਖਦੇ ਤੂੰ ਮੇਰੇ ਨਾਮ ਵੀ
ਕਾਲ਼ਿਆਂ ਜੁਰਮਾਂ ਦੀ ਕੋਈ ਉਜਲੀ ਸਜ਼ਾ

ਉਸ ਦੀ ਹਿਜਰਤ ਨਾਲ ਹੀ ਹੋਇਆ ਸ਼ੁਰੂ
ਮੇਰੀਆਂ ਬਰਬਾਦੀਆਂ ਦਾ ਸਿਲਸਿਲਾ

✵

ਤੂੰ ਅਪਣੀ ਯਾਦ ਵਿਚ ਸੁਲਗਣ ਦੀ ਦਿੱਤੀ ਹੈ ਦੁਆ ਮੈਨੂੰ
ਇਹ ਕਿਹੜੇ ਜੁਰਮ ਦੀ ਸੱਜਣਾ ਤੂੰ ਦਿੱਤੀ ਹੈ ਸਜ਼ਾ ਮੈਨੂੰ

ਬਹੁਤ ਬੇਹਾਲ ਹੁੰਦੀ ਹਾਂ ਜਦੋਂ ਤੂੰ ਕੋਲ ਨਈਂ ਹੁੰਦਾ
ਕਿ ਤੇਰੇ ਬਾਝ ਜੀਉਣੇ ਦੀ ਨਹੀਂ ਆਈ ਅਦਾ ਮੈਨੂੰ

ਇਨ੍ਹਾਂ ਔੜਾਂ ਨੂੰ ਝੱਲਣ ਦੀ ਅਸਾਂ ਨੂੰ ਹੋ ਗਈ ਆਦਤ
ਮੁਬਾਰਕ ਕਿਣਮਿਣੀ ਬਰਸਾਤ ਦੀ, ਕਾਲ਼ੀ ਘਟਾ ਤੈਨੂੰ

ਲੁਕਾ ਕੇ ਮੂੰਹ ਜ਼ਮਾਨੇ ਤੋਂ ਬਹੁਤ ਤੜਪੇ, ਬਹੁਤ ਰੋਏ
ਮੇਰੇ ਨੈਣਾਂ ਨੇ ਜਦ ਵੀ ਦੇਖਿਆ ਕਿਧਰੇ ਖਫ਼ਾ ਤੈਨੂੰ

ਤੂੰ ਮੇਰੇ ਦਿਲ ਦੇ ਦਰਵਾਜ਼ੇ ’ਤੇ ਇਕ ਦਸਤਕ ਜਿਹੀ ਦੇ ਕੇ
ਅਤਾ ਕੀਤਾ ਉਡੀਕਾਂ ਦਾ ਨਿਰੰਤਰ ਸਿਲਸਿਲਾ ਮੈਨੂੰ

ਕਈ ਖੰਜਰ ਮੇਰੇ ਸੀਨੇ ’ਚ ਆ ਕੇ ਖੋਭ ਦਿੰਦੀ ਹੈ
ਪਤਾ ਤੇਰਾ ਜਦੋਂ ਵੀ ਪੁੱਛਦੀ ਆ ਕੇ ਹਵਾ ਮੈਨੂੰ

✵

ਦੋਸਤੀ ਤੇਰੀ ਹੈ ਮੈਨੂੰ ਮਾਰੂਥਲ ਵਿਚ ਛਾਂ ਜਿਹੀ
ਪਿਆਰ ਦੇ ਖ਼ਾਬਾਂ 'ਚ ਰੰਗੀ ਜ਼ਿੰਦਗੀ ਦੇ ਨਾਂ ਜਿਹੀ

ਮੌਤ ਵਰਗੇ ਧੁਖ਼ਦੇ ਪਲ ਵਿਚ ਦੇ ਰਹੀ ਹੈ ਆਸਰਾ
ਦੋਸਤੀ ਮਹਿਬੂਬ ਵਰਗੀ ਜਾਂ ਕਦੇ ਹੈ ਮਾਂ ਜਿਹੀ

ਬਣ ਗਈ ਸਰਗਮ ਸੁਰੀਲੀ ਤੇਰੀ ਆਮਦ ਸੰਗ ਹਵਾ
ਸਾਜ਼ ਦੇ ਸੀਨੇ 'ਚ ਵਸੀਆਂ ਖੁਸ਼ਨੁਮਾ ਤਰਜ਼ਾਂ ਜਿਹੀ

ਘੁਲ ਗਈ ਸਾਹਾਂ 'ਚ, ਤੇਰੇ ਪਿਆਰ ਦੀ ਮਿੱਠੀ ਮਹਿਕ
ਸੰਞ ਦੀ ਲਾਲੀ 'ਚ ਭਿੱਜੀਆਂ ਕਿਰਮਚੀ ਸ਼ਾਮਾਂ ਜਿਹੀ

ਕਰ ਗਈ ਰੌਸ਼ਨ ਚੁਫ਼ੇਰਾ, ਤੇਰੇ ਮੁਖ ਦੀ ਚਾਨਣੀ
ਤੁਲ੍ਹਿਆਂ ਤਰਦੇ ਦੀਵਿਆਂ ਦੇ ਦਿਲ ਦੀਆਂ ਸਧਰਾਂ ਜਿਹੀ

ਤੈਨੂੰ ਮਿਲਣੇ ਦੀ ਤਮੰਨਾ ਆ ਗਈ ਹੋਠੀਂ ਮੇਰੇ
ਨੱਚਦੀ ਕਵਿਤਾ ਦੇ ਅੰਦਰ ਝੂਮਦੇ ਲਫ਼ਜ਼ਾਂ ਜਿਹੀ

ਆਰਜ਼ੂ ਤੇਰੀ ਹੈ ਤਾਂ ਹੀ ਜਿਊਣ ਦੀ ਹੈ ਆਰਜ਼ੂ
ਤੇਰੇ ਬਿਨ ਹੋ ਜਾਏਗੀ ਇਹ ਜ਼ਿੰਦਗੀ ਕਬਰਾਂ ਜਿਹੀ

✵

ਮੌਤ ਦੇ ਨਾਂ ਅਹਿਦਨਾਮਾ ਕਿੰਝ ਕਰਾਂ
ਜ਼ਿੰਦਗੀ ਦਾ ਦਰਦ ਵੀ ਕਿੱਦਾਂ ਜਰਾਂ

ਹੱਸਦੇ ਰੰਗਾਂ 'ਚ ਕਿੰਝ ਕਾਲਖ਼ ਭਰਾਂ
ਤੇਰੇ ਰਾਹਾਂ ਵਿਚ ਮੈਂ ਕਾਹਤੋਂ ਪਬ ਧਰਾਂ

ਫੁੱਲ ਚੁਰਾ ਕੇ ਲੈ ਗਿਆਂ ਪਰਦੇਸੀਆ
ਸੂਲਾਂ ਵਰਗੇ ਹਿਜਰ ਨੂੰ ਕੀਕਣ ਜਰਾਂ

ਰੁੱਤ ਜੋ ਸ਼ੋਖੀ ਭਰੀ, ਮੇਰੀ ਨਹੀਂ
ਪੱਤਝੜਾਂ ਵਿਚ ਜਿਊਣ ਦਾ ਹੀਲਾ ਕਰਾਂ

ਮੇਲ ਲਈ ਲੈਣਾ ਪਵੇਗਾ ਫਿਰ ਜਨਮ
ਜ਼ਿੰਦਗੀ ਨੂੰ ਮੌਤ ਦੇ ਕਾਬਿਲ ਕਰਾਂ

ਪੈਰਾਂ ਵਿਚੋਂ ਸਿੰਮਦਾ ਭਾਵੇਂ ਲਹੂ
ਹਰ ਕਦਮ ਮੰਜ਼ਿਲ ਦੀ ਰਾਹ ਵਿਚ ਹੀ ਧਰਾਂ

ਜਿਸ ਭਰਮ ਨੇ ਬਦਲ ਦਿੱਤੀ ਜ਼ਿੰਦਗੀ
ਸਿਜਦਾ ਮੈਂ ਉਸ ਦੀ ਹੀ ਰਹਿਮਤ ਨੂੰ ਕਰਾਂ

ਲੈ ਖੜੀ ਮੇਰੇ ਲਈ ਪਿੰਜਰਾ, ਹਵਾ
ਤੇਰੇ ਅਸਮਾਨੀਂ ਉਡਾਰੀ ਕਿੰਝ ਭਰਾਂ

ਹੋ ਗਈ ਸਾਜ਼ਾਂ ਦੀ ਚੁੱਪ ਸੰਗ ਸਹਿਮਤੀ
ਹੋਠੀਂ ਆਈਆਂ ਸਰਗਮਾਂ ਕਿੱਥੇ ਭਰਾਂ

ਆਪ ਰੁਖਸਤ ਕਰਕੇ ਦਿਲ 'ਚੋਂ ਆਰਜ਼ੂ
ਆਪਣੇ ਮਰ ਜਾਣ ਦਾ ਮਾਤਮ ਕਰਾਂ

✵

ਫੁੱਲਾਂ ਵਾਂਗੂੰ ਮਹਿਕਦੀ ਮੇਰੀ ਅਦਾ ਕੋਈ ਨਹੀਂ
ਨਿਭ ਸਕੇ ਖ਼ਾਰਾਂ 'ਚ, ਐਨਾ ਬਾਵਫ਼ਾ ਕੋਈ ਨਹੀਂ

ਬਾਲ਼ ਕੇ ਦੀਵਾ ਕੋਈ ਮੇਰੇ ਬਨੇਰੇ ਧਰ ਗਿਆ
ਕੌਣ ਹੈ ਹਮਦਰਦ ਜਿਸ ਸੰਗ ਵਾਸਤਾ ਕੋਈ ਨਹੀਂ

ਬਾਂਸ ਦੀ ਪੋਰੀ ਤੋਂ ਬਣ ਸਕਦੀ ਹਾਂ ਮੈਂ ਵੀ ਬੰਸਰੀ
ਪਰ ਮੁਬਾਰਕ ਛੁਹ ਤੇਰੀ ਸੰਗ ਰਾਬਤਾ ਕੋਈ ਨਹੀਂ

ਮੈਂ ਸਫ਼ਰ ਵਿਚ ਭਟਕਦੀ ਹੀ ਮੀਲ-ਪੱਥਰ ਹੋ ਗਈ
ਪਰ ਅਜੇ ਮੰਜ਼ਿਲ ਦਾ ਮੈਨੂੰ ਥਹੁ-ਪਤਾ ਕੋਈ ਨਹੀਂ

ਦੇ ਰਹੀ ਕਿੰਨੇ ਚਿਰਾਂ ਤੋਂ ਤੇਰੇ ਦਰ 'ਤੇ ਦਸਤਕਾਂ
ਉਮਰ ਬੀਤੀ ਘਰ 'ਚੋਂ ਪਰ ਆਈ ਸਦਾ ਕੋਈ ਨਹੀਂ

ਮਹਿਕ ਤੋਂ ਸੱਖਣੇ ਨੇ ਫਿਰ ਵੀ ਢੌਂਗ ਰਚਦੇ ਮਹਿਕ ਦਾ
ਕਾਗਜ਼ੀ ਫੁੱਲਾਂ 'ਚ ਮੇਰੀ ਆਸਥਾ ਕੋਈ ਨਹੀਂ

ਪਾ ਲਈ ਹੈ ਦਿਲ ਦੀਆਂ ਸੱਧਰਾਂ ਨੂੰ ਤਾਂ ਜ਼ੰਜੀਰ ਮੈਂ
ਪਰ ਕਿਉਂ ਖ਼ਿਆਲਾਂ 'ਤੇ ਮੇਰਾ ਜ਼ਾਬਤਾ ਕੋਈ ਨਹੀਂ

✻

ਪਿਆਸ ਜੇ ਇਲਜ਼ਾਮ ਹੈ ਤਾਂ ਮੈਨੂੰ ਇਹ ਇਲਜ਼ਾਮ ਦੇ
ਪਰ ਘਿਰੇ ਸਾਵਣ ਨੂੰ ਅੱਜ ਤੂੰ ਵਰ੍ਹਨ ਦਾ ਪੈਗ਼ਾਮ ਦੇ

ਜ਼ਿੰਦਗੀ ਬੇਰੰਗ ਨੂੰ ਤੂੰ ਦੇ ਦੇ ਕੋਈ ਸ਼ੋਖ ਰੰਗ
ਦੇਹ ਕੋਈ ਖਿੜਿਆ ਸਵੇਰਾ, ਸ਼ਰਬਤੀ ਜਿਹੀ ਸ਼ਾਮ ਦੇ

ਪੈ ਗਏ ਤਲੀਆਂ 'ਤੇ ਛਾਲੇ, ਪਰ ਨਾ ਮੰਜ਼ਿਲ ਦਿਸ ਰਹੀ
ਐ ਖ਼ੁਦਾ ਮੇਰੇ ਸਫ਼ਰ ਨੂੰ ਹੁਣ ਕੋਈ ਅੰਜ਼ਾਮ ਦੇ

ਇਹ ਸਮਾਂ ਹੈ ਭਟਕਣਾ ਦਾ, ਕਾਲਖਾਂ ਦਾ ਦੌਰ ਹੈ
'ਨ੍ਹੇਰ ਵਿਚ ਡੁੱਬੀ ਨਜ਼ਰ ਨੂੰ ਚਾਨਣੀ ਦਾ ਜਾਮ ਦੇ

ਵਿਛਣ ਜਦ ਰਾਹਾਂ 'ਚ ਕਲੀਆਂ, ਹੋਠਾਂ 'ਤੇ ਸਰਗਮ ਸਜੇ
ਰੁੱਤ ਹੋਵੇ ਕੋਈ ਵੀ ਤੂੰ ਸਾਉਣ ਦਾ ਹੀ ਨਾਮ ਦੇ

ਜ਼ਖ਼ਮ ਦਿਲ ਦੇ ਹੋ ਰਹੇ ਨੇ ਲਾਲ, ਪੀਲੇ, ਜਾਮਨੀ
ਜ਼ਿੰਦਗੀ ਮੇਰੀ ਨੂੰ ਹੁਣ ਗੁਲਫ਼ਾਮ ਦਾ ਹੀ ਨਾਮ ਦੇ

✵

ਕਿਤੇ ਚੱਲਿਆ ਹੈ ਮਜ਼ਲੂਮਾਂ 'ਤੇ ਆਰਾ ਹੁਕਮਰਾਨਾਂ ਦਾ
ਚਲਾ ਆਇਆ ਜੋ ਮਹਿਲਾਂ ਤੀਕ ਝੁੰਡ ਬਲਦੇ ਮਕਾਨਾਂ ਦਾ

ਨ ਹੂੰਝੋ ਮਹਿਕ ਵਿਹੜੇ 'ਚੋਂ ਨਾ ਮੇਟੋ ਚਹਿਕ ਚਿੜੀਆਂ ਦੀ
ਨ ਘੁੱਟੋ ਗਲ਼ ਇਨ੍ਹਾਂ ਕੰਜਕਾਂ, ਮਾਸੂਮਾਂ, ਬੇਜ਼ੁਬਾਨਾਂ ਦਾ

ਜਦੋਂ ਉਪਦੇਸ਼ ਧਰਮਾਂ ਦਾ ਮਨਾਂ ਵਿਚ ਉਤਰ ਜਾਵੇਗਾ
ਉਦੋਂ ਨਾ ਭੇੜ ਹੋਵੇਗਾ ਕਦੇ ਵੇਦਾਂ ਕੁਰਾਨਾਂ ਦਾ

ਅਜੇ ਤੀਕਰ ਵੀ ਪਾਣੀ 'ਚੋਂ ਸਿਸਕਦਾ ਰਾਗ ਸੁਣਦਾ ਹੈ
ਕਿ ਡਰ ਸਾਗਰ ਦੇ ਦਿਲ ਵਿਚ ਰਹਿ ਗਿਆ ਗੁਜ਼ਰੇ ਤੂਫ਼ਾਨਾਂ ਦਾ

ਇਹ ਕਿੱਥੋਂ ਲੈਣਗੇ ਕੋਈ ਰੰਗ ਕਿੱਥੋਂ ਲਫ਼ਜ਼ ਢੂੰਡਣਗੇ
ਜੇ ਲਿਖਣਾ ਪੈ ਗਿਆ ਇਤਿਹਾਸ ਖੰਡਰਾਂ ਨੂੰ ਮਕਾਨਾਂ ਦਾ

ਫ਼ਿਜ਼ਾ ਵਿਚ ਵੇਖ ਕੇ ਤਲਖੀ ਦਰਖੱਤਾਂ ਨੇ ਰੁਦਨ ਕੀਤਾ
ਨਹੀਂ ਪਰ ਜ਼ੋਰ ਚੱਲਿਆ ਮੌਸਮਾਂ 'ਤੇ ਬਾਗਬਾਨਾਂ ਦਾ

✵

ਇਹੋ ਸ਼ਿਕਵਾ ਮੇਰੇ ਦਿਲ ਵਿਚ ਤੇਰੇ ਲਈ ਹਰ ਘੜੀ ਆਇਆ
ਚਲੇ ਜਾਣਾ ਸੀ ਜੇ ਛੱਡ ਕੇ ਤਾਂ ਏਨਾ ਪਿਆਰ ਕਿਉਂ ਪਾਇਆ

ਇਹਦੇ ਪੈਰਾਂ ’ਚ ਗਿਰ-ਗਿਰ ਕੇ ਬਹੁਤ ਹੀ ਰੇਤ ਤੜਪੀ ਹੈ
ਨਦੀ ਨੂੰ ਕਿਉਂ ਥਲਾਂ ਦੀ ਪਿਆਸ ’ਤੇ ਇਤਬਾਰ ਨਾ ਆਇਆ

ਬਸ਼ਰ ਉਹੀ, ਉਹੀ ਚਿਹਰਾ, ਉਹੀ ਪਹਿਚਾਣ ਹੈ ਉਸ ਦੀ
ਜੋ ਪਹਿਲਾਂ ਫੁੱਲ ਲਿਆਉਂਦਾ ਸੀ, ਉਹ ਅੱਜ ਅੰਗਿਆਰ ਕਿਉਂ ਲਿਆਇਆ

ਤੂੰ ਕਹਿੰਦਾ ਸੀ ਨਹੀਂ ਤੋੜਾਂਗਾ ਮੈਂ ਇਹ ਹੱਦ ਅਸੂਲਾਂ ਦੀ
ਤੇਰੇ ਗੀਤਾਂ ’ਚ ਫਿਰ ਮੇਰਾ ਜ਼ਿਕਰ ਹਰ ਵਾਰ ਕਿਉਂ ਆਇਆ

ਕਿਨਾਰਾ ਛੂਹਣ ਦੀ ਖ਼ਾਹਿਸ਼ ਨਦੀ ਵਿਚ ਗਰਕ ਜਾਵੇਗੀ
ਜੇ ਕਿਸ਼ਤੀ ਠੇਲ੍ਹ ਕੇ ਪਾਣੀ ’ਚ ਹੱਥ ਪਤਵਾਰ ਨਾ ਆਇਆ

ਬਿਖਰ ਜਾਏਗਾ ਦਿਲ ਦਾ ਆਈਨਾ ਫਿਰ ਕੀਚਰਾਂ ਹੋ ਕੇ
ਜੇ ਤੈਨੂੰ ਮੇਰਿਆਂ ਹੰਝੂਆਂ ’ਤੇ ਹੁਣ ਇਤਬਾਰ ਨਾ ਆਇਆ

✵

ਆਵੀਂ ਕਦੇ ਜੇ ਤੇਰਾ ਦਿਲ ਬੇਕਰਾਰ ਹੋਇਆ
ਆਵੀਂ ਕਦੇ ਜੇ ਮੌਸਮ ਵੀ ਖੁਸ਼ਗਵਾਰ ਹੋਇਆ

ਮੈਂ ਧਰਤ ਬਣ ਗਈ ਜਦ ਸਾਵਣ ਤੂੰ ਬਣ ਕੇ ਵਰ੍ਹਿਆ
ਤੈਨੂੰ ਮਿਲਣ ਦਾ ਮੇਰਾ ਸੁਪਨਾ ਸਾਕਾਰ ਹੋਇਆ

ਮੁੜ-ਮੁੜ ਕੇ ਕੰਡਿਆਂ ਨੇ ਮੇਰੇ ਜ਼ਖ਼ਮ ਗਲ਼ ਨੂੰ ਲਾਏ
ਪੱਤਝੜ ਤੋਂ ਮੇਰਾ ਦੁਖੜਾ ਨਾ ਹੀ ਸਹਾਰ ਹੋਇਆ

ਮੇਰੇ ਦਰਦ ਦਾ ਤਰਾਨਾ ਹੋਠਾਂ ਨੂੰ ਤੂੰ ਹੀ ਲਾਇਆ
ਦੁਨੀਆਂ 'ਚ ਤੂੰ ਹੀ ਮੇਰਾ ਬਸ ਗ਼ਮਗੁਸਾਰ ਹੋਇਆ

ਜਦ ਮੇਰੇ ਜ਼ਰਦ ਪੱਤੇ ਤੂੰ ਪਿਆਰ ਨਾਲ ਛੋਹੇ
ਮੇਰੀ ਖਿਜ਼ਾਂ ਦਾ ਓਦੋਂ ਲੂੰ-ਲੂੰ ਬਹਾਰ ਹੋਇਆ

*

ਉਹ ਰਾਹਤ ਜੋ ਦਿਲ ਤੋਂ ਜੁਦਾ ਹੋ ਗਈ ਹੈ
ਉਹੀ ਜ਼ਿੰਦਗੀ ਦਾ ਮਜ਼ਾ ਹੋ ਗਈ ਹੈ

ਖ਼ਰੇ ਕਿਹੜੀ ਤੇਹ ਦੀ ਕਥਾ ਛੇੜ ਬੈਠਾ
ਕਿ ਦਰਿਆ ਨੂੰ ਥਲ ਦੀ ਸਜ਼ਾ ਹੋ ਗਈ ਹੈ

ਇਹ ਨਿਭਦੀ ਕਿਉਂ ਨਾ ਨਿਭਾਵਣ ਦੀ ਹੱਦ ਤੱਕ
ਬੜੀ ਬੇਵਫ਼ਾ ਹੁਣ ਵਫ਼ਾ ਹੋ ਗਈ ਹੈ

ਜੋ ਲੰਘਦੀ ਹੈ ਖ਼ਾਬਾਂ ਦੇ ਮੁਖ ਚੁੰਮ-ਚੁੰਮ ਕੇ
ਤਮੰਨਾ ਮੇਰੀ ਉਹ ਹਵਾ ਹੋ ਗਈ ਹੈ

ਲਿਖੇ ਕਿੰਨੇ ਦਰਦਾਂ ਦੇ ਅੰਗਿਆਰ ਇਸ ’ਤੇ
ਹਯਾਤੀ ਅਗਨ ਦਾ ਸਫ਼ਾ ਹੋ ਗਈ ਹੈ

ਨ ਮੰਦਰ, ਨ ਮਸਜਿਦ ਦੀ ਕੀਮਤ ਰਹੀ ਕੁਝ
ਮੇਰੀ ਪੀੜ ਮੇਰਾ ਖ਼ੁਦਾ ਹੋ ਗਈ ਹੈ

✵

ਉਸ ਦੇ ਬਿਨ ਖੰਜਰ ਬਣੇ ਫੁੱਲਾਂ ਤੋਂ ਨਾਜ਼ੁਕ ਖ਼ਿਆਲ ਹੁਣ
ਦਿਲ ਦੇ ਤਪਦੇ ਮੌਸਮਾਂ ਦਾ ਹੋ ਗਿਆ ਇਹ ਹਾਲ ਹੁਣ

ਕੀ ਵਫ਼ਾ ਤੇ ਕੀ ਜਫ਼ਾ ਸਭ ਲਫ਼ਜ਼ ਬੇਮਾਅਨੇ ਜਿਹੇ
ਇਸ ਤਰ੍ਹਾਂ ਲੰਘਦੇ ਨੇ ਤਨਹਾ ਦਿਨ, ਮਹੀਨੇ, ਸਾਲ ਹੁਣ

ਗਾ ਲਏ ਕੰਬਦੇ ਰੁਦਨ ਪਰ ਖੋਖਲੀ ਆਵਾਜ਼ ਵਿਚ
ਤੇਰੇ ਸਾਜ਼ੋਂ ਵਿਛੜ ਕੇ ਮਿਲਦੀ ਨਹੀਂ ਸੁਰ-ਤਾਲ ਹੁਣ

ਪੱਥਰਾਂ ਦੇ ਸ਼ਹਿਰ ਵਿਚ ਬਸ ਕੰਕਰਾਂ ਸੰਗ ਰਾਬਤਾ
ਕਿੱਥੇ ਜਾ ਕੇ ਕਰੀਏ ਸੁੱਚੇ ਮੋਤੀਆਂ ਦੀ ਭਾਲ ਹੁਣ

ਹੁਣ ਨਾ ਭਟਕੇਗਾ ਤਸੱਵਰ ਤੇਰਾ ਮਨ ਦੇ 'ਨ੍ਹੇਰ ਵਿਚ
ਦਿਲ ਦੀ ਪਗਡੰਡੀ 'ਤੇ ਇਕ ਦੀਵਾ ਹੈ ਦਿੱਤਾ ਬਾਲ ਹੁਣ

ਇਹ ਬਹੁਤ ਸਾਵੀ ਸੀ ਜਦ ਪਰਵਾਜ਼ ਭਰ ਤੂੰ ਉਡ ਗਿਆ
ਦੇਖ ਆ ਕੇ ਕਿਸ ਤਰ੍ਹਾਂ ਉਜੜੀ ਹੈ ਦਿਲ ਦੀ ਡਾਲ ਹੁਣ

✲

ਕਲੀਆਂ ਦੇ ਅਰਮਾਨ ਚੁਰਾ ਕੇ ਤੁਰ ਚੱਲਿਆ
ਫੁੱਲਾਂ ਦੀ ਮੁਸਕਾਨ ਚੁਰਾ ਕੇ ਤੁਰ ਚੱਲਿਆ

ਬਿਰਖਾਂ ਦੀ ਕਿਸਮਤ ਵਿਚ ਲਿਖ ਕੇ ਤਲਖ਼ ਹਵਾ
ਮੌਸਮ ਵਿਚ ਕੁਹਰਾਮ ਮਚਾ ਕੇ ਤੁਰ ਚੱਲਿਆ

ਦੀਦ ਚੁਰਾ ਕੇ ਨੈਣੋਂ, ਦੇ ਕੇ ਨਮ ਸੁਪਨੇ
ਬਿਰਹਾ ਦਾ ਫੁਰਮਾਨ ਸੁਣਾ ਕੇ ਤੁਰ ਚੱਲਿਆ

ਕਹਿੰਦਾ ਰਾਮ ਰਹੀਮ ਉਹ ਘਰ ਤੋਂ ਆਇਆ ਸੀ
ਦਰ ਮਹਿਬੂਬ ਦੇ ਫੁੱਲ ਚੜ੍ਹਾ ਕੇ ਤੁਰ ਚੱਲਿਆ

ਰੂਹਾਂ ਦੀ ਰੂਹਾਂ ਤੱਕ ਆਮਦ ਨਾ ਹੋਈ
ਨਕਸ਼ਾਂ ਦੀ ਪਹਿਚਾਣ ਬਣਾ ਕੇ ਤੁਰ ਚੱਲਿਆ

✵

ਖਿੜੀ ਹੈ ਜੇ ਮੁਹੱਬਤ ਦੀ ਕਲੀ ਇਨਕਾਰ ਕਿਉਂ ਕਰੀਏ
ਅਸੀਂ ਖੁਸ਼ਬੂ ਦਿਆਂ ਰਾਹਾਂ 'ਚ ਦੱਸ ਦੀਵਾਰ ਕਿਉਂ ਕਰੀਏ

ਕਦਮ ਅੰਗਿਆਰਿਆਂ 'ਤੇ ਧਰ ਕੇ ਜੇਕਰ ਆ ਨਹੀਂ ਸਕਦੇ
ਤਾਂ ਫਿਰ ਤੂਤਾਂ ਦੀ ਛਾਵੇਂ ਮਿਲਣ ਦਾ ਇਕਰਾਰ ਕਿਉਂ ਕਰੀਏ

ਇਨ੍ਹਾਂ ਪਰਛਾਵਿਆਂ ਦਾ ਕੀ ਭਰੋਸਾ ਹੈ, ਇਨ੍ਹਾਂ ਖ਼ਾਤਰ
ਅਸੀਂ ਸਿਖ਼ਰਾਂ 'ਤੇ ਪਹੁੰਚੀ ਧੁੱਪ ਦਾ ਵਿਉਪਾਰ ਕਿਉਂ ਕਰੀਏ

ਅਸੀਂ ਕਰਕੇ ਅਥਾਹ ਕੋਸ਼ਿਸ਼ ਮਸਾਂ ਸਿਰ ਨੂੰ ਬਚਾਇਆ ਹੈ
ਐ ਕਾਤਿਲ, ਹੁਣ ਤੇਰੀ ਤਲਵਾਰ 'ਤੇ ਇਤਬਾਰ ਕਿਉਂ ਕਰੀਏ

ਨਹੀਂ ਜੇ ਸਾੜ ਸਕਦੇ ਜਿਸਮ ਅਪਣਾ ਵਾਂਗ ਲਾਟਾਂ ਦੇ
ਤਾਂ ਫਿਰ 'ਨ੍ਹੇਰੇ ਨੂੰ ਜਿੱਤਣ ਦਾ ਅਸੀਂ ਇਕਰਾਰ ਕਿਉਂ ਕਰੀਏ

✴

ਦਿਲ ਦੀ ਵੀਰਾਨਗੀ ਵਿਚ ਤੇਰਾ ਖ਼ਿਆਲ ਜੀਕਣ
ਪਥਰੀਲੇ ਰਸਤਿਆਂ ਵਿਚ ਫੁੱਲਾਂ ਦੀ ਡਾਲ ਜੀਕਣ

ਧੂੰਏਂ ਦੇ ਕੁੰਡਲਾਂ ਵਿਚ ਬੱਦਲਾਂ ਦੇ ਫੰਭਿਆਂ ਵਿਚ
ਅਪਣੇ ਤੋਂ ਗੁੰਮ ਹੋਇਆ ਮੇਰਾ ਹੀ ਹਾਲ ਜੀਕਣ

ਏਦਾਂ ਮੈਂ ਜਜ਼ਬ ਹੋਈ ਤੇਰੇ ਵਜੂਦ ਅੰਦਰ
ਹਰ ਵਕਤ ਮੇਰਾ ਸਾਇਆ ਤੇਰੇ ਹੀ ਨਾਲ ਜੀਕਣ

ਨਾ ਦਿਲ 'ਚ ਸਾਂਭ ਹੋਵੇ ਨਾ ਮੂੰਹੋਂ ਬੋਲ ਹੋਵੇ
ਮੇਰੇ 'ਚ ਉਲਝਿਆ ਹੈ ਮੇਰਾ ਸਵਾਲ ਜੀਕਣ

ਹਰਫ਼ਾਂ 'ਚ ਢਾਲ ਹੋਏ ਨਾ ਦਰਦ ਦਾ ਉਛਾਲਾ
ਨਾ ਸ਼ਾਇਰੀ 'ਚ ਹੋਵੇ ਮੈਥੋਂ ਕਮਾਲ ਜੀਕਣ

✵

ਦਿਲ ਦੀ ਕਥਾ ਸਫ਼ਿਆਂ ’ਤੇ ਮੈਂ ਹਾਲੇ ਲਿਖੀ ਨਹੀਂ
ਅਪਣੇ ਜਿਗਰ ਦੇ ਖ਼ੂਨ ਦੀ ਸਿਆਹੀ ਮਿਲੀ ਨਹੀਂ

ਰਾਹਾਂ ’ਚ ਭਟਕੇ ਇਸ ਤਰ੍ਹਾਂ ਕਿ ਧੂੜ ਬਣ ਗਏ
ਆਏ ਬੜੇ ਮੁਕਾਮ ਪਰ ਮੰਜ਼ਿਲ ਮਿਲੀ ਨਹੀਂ

ਮੱਥੇ ਦਾ ਚੰਦ ਚਮਕਦਾ ਤਾਂ ਚਮਕਦਾ ਕਿਵੇਂ
ਹੱਥਾਂ ’ਚ ਲੀਕਾਂ ਮਾਰੀਆਂ ਕਿਸਮਤ ਲਿਖੀ ਨਹੀਂ

ਰੁਮਕੇ ਹਵਾ ਦੇ ਵਾਂਗ ਨਾ ਛਲ ਕੇ ਜਲਾਂ ਦੇ ਵਾਂਗ
ਸਾਨੂੰ ਅਦਾ ਵਿਖਾਉਣ ਦੀ ਆਦਤ ਮਿਲੀ ਨਹੀਂ

ਵਿਕਿਆ ਮੇਰਾ ਜ਼ਮੀਰ ਮੇਰੀ ਬੰਦਗੀ ਵਿਕੀ
ਗਹਿਣੇ ਤਾਂ ਸਾਰੇ ਵਿਕ ਗਏ ਕੀਮਤ ਮਿਲੀ ਨਹੀਂ

ਫੁੱਲਾਂ ਤੋਂ ਲੈ ਕੇ ਰੰਗ, ਲੈ ਕੇ ਚੰਨ ਤੋਂ ਚਾਨਣੀ
ਲਿਖਣੀ ਸੀ ਜ਼ਿੰਦਗੀ ਮਗਰ ਫ਼ੁਰਸਤ ਮਿਲੀ ਨਹੀਂ

✯

ਉੱਜੜੇ ਰਾਹਾਂ ਦੇ ਵਿਚ ਫਿਰਦੀ ਨਾਲ ਕਲੇਜੇ ਲਾਈ
ਨਾ ਜਾਣੇ ਇਹ ਮੱਸਿਆ ਜ਼ਖ਼ਮੀ ਚੰਨ ਕਿੱਥੋਂ ਲੈ ਆਈ

ਖੇੜੇ ਲੈ ਕੇ ਗ਼ਮ ਦੇ ਗਈਆਂ ਮੈਨੂੰ ਖੁਸ਼ਕ ਹਵਾਵਾਂ
ਕਾਲ਼ੀ ਰਾਤ ਕਹਿਰ ਦੇ ਹਉਕੇ ਮਰ ਮਰ ਰਾਤ ਲੰਘਾਈ

ਨਾ ਕੋਈ ਬਲ਼ਦਾ ਰੁੱਖ ਦੇਖਿਆ ਨਾ ਕੋਈ ਭਖਦੀ ਕਾਇਆ
ਦਿਲ 'ਕੱਲੇ ਨੇ ਇਸ਼ਕ ਦੀ ਅਗਨੀ ਸਦੀਆਂ ਤੀਕ ਹੰਢਾਈ

ਲਗਰਾਂ ਵਿਚੋਂ ਚਿਣਗਾਂ ਫੁੱਟਣ ਮੌਸਮ ਕੈਸਾ ਆਇਆ
ਧਰਤੀ ਆਖੇ ਦੋਸ਼ ਨਾ ਮੇਰਾ ਅੱਗ ਬਹਾਰਾਂ ਲਾਈ

ਫੁੱਲ ਨਹੀਂ ਤਾਂ ਕੰਡੇ ਬਣ ਕੇ ਵਿਛ ਜਾ ਮੇਰੇ ਰਾਹ ਵਿਚ
ਅਪਣੀ ਚੋਭੇ ਮਾਰ ਮੁਕਾਈਂ ਦਈਂ ਨਾ ਪੀੜ ਪਰਾਈ

✵

ਅੱਖੀਆਂ ਦੇ ਬਾਗ਼ ਸੁੰਨੇ ਫੁੱਲਾਂ ਦਾ ਖ਼ਾਬ ਦੇ ਦੇ
ਹੋਠਾਂ ਨੂੰ ਹਾਸਿਆਂ ਦਾ ਖਿੜਿਆ ਗੁਲਾਬ ਦੇ ਦੇ

ਮਿਟ ਜਾਵੇ ਪਾਣੀਆਂ ਦੇ ਦਿਲ ਦੀ ਪਿਆਸ, ਰੱਬਾ!
ਸਤਲੁਜ ਨੂੰ ਉਸਦੇ ਵਿਛੜੇ ਜਿਹਲਮ ਚਨਾਬ ਦੇ ਦੇ

ਹਰ ਸਤਰ ਹੀ ਫੁੱਲਾਂ ਦੀ ਇਕ ਡਾਲ ਜਿਹੀ ਲੱਗੇ
ਹਰਫ਼ਾਂ ਨੂੰ ਮਹਿਕ ਦੇ ਦੇ, ਰੰਗ ਬੇਹਿਸਾਬ ਦੇ ਦੇ

ਭਰ ਬੁੱਕ ਨੂਰ ਦੀ ਮੈਂ, 'ਨ੍ਹੇਰੇ ਦੇ ਹੋਠੀਂ ਲਾਵਾਂ
ਮੇਰੀ ਸੋਚ ਦੇ ਗਗਨ ਨੂੰ ਵੀ ਆਫ਼ਤਾਬ ਦੇ ਦੇ

ਪੌਣਾਂ ਲਈ ਸੁਨੇਹਾ ਲਿਖਿਆ ਮੈਂ ਪੱਤੀਆਂ ਵਿੱਚ
ਸ਼ਬਨਮ ਦੀ ਬੂੰਦ ਵਰਗਾ ਦਿਲਕਸ਼ ਜਵਾਬ ਦੇ ਦੇ

ਮੇਰੀ ਪੀੜੋ-ਪੀੜ ਰੂਹ ਦਾ ਅੱਜ ਕਰਦੇ ਲੇਖਾ-ਜੋਖਾ
ਹੰਝੂਆਂ ਤੇ ਹੌਕਿਆਂ ਦਾ ਵੱਖਰਾ ਹਿਸਾਬ ਦੇ ਦੇ

ਅਗਨੀ ਦੇ ਰਾਹੀਂ ਚਲ ਕੇ ਮੈਂ ਜਾ ਰਹੀ ਹਾਂ ਕਿੱਥੇ
ਕਿਹੜਾ ਮੁਕਾਮ ਮੇਰਾ, ਕੋਈ ਜਵਾਬ ਦੇ ਦੇ

✡

ਟੁਕੜਾ-ਟੁਕੜਾ ਹੋ ਗਈ ਹੈ ਭਾਵੇਂ ਹਰ ਇਕ ਆਰਜ਼ੂ
ਪਰ ਮੇਰੇ ਦਿਲ ਨੂੰ ਅਜੇ ਵੀ ਰਹਿੰਦੀ ਤੇਰੀ ਜੁਸਤਜੂ

ਤੂੰ ਹੀ ਮੰਜ਼ਿਲ, ਤੂੰ ਹੀ ਮੰਦਿਰ, ਤੂੰ ਸਫ਼ਰ, ਤੂੰ ਦੇਵਤਾ
ਤੂੰ ਹੀ ਮੇਰੀ ਬੰਦਗੀ ਤੇ ਤੂੰ ਹੀ ਹੈਂ ਮੇਰਾ ਵੁਜ਼ੂ

ਮੈਂ ਤੇਰੀ ਇਕ ਚਰਨ-ਛੂਹ ਨੂੰ ਤਰਸਦੀ ਪੱਥਰ ਬਣੀ
ਮੈਂ ਨਦੀ, ਜਿਸ ਨੂੰ ਕਿ ਤੇਰੀ ਪਿਆਸ ਦੀ ਹੀ ਜੂਸਤਜੂ

ਬਣ ਕੇ ਅੰਕੁਰ ਯਾਦ ਦਾ ਫੁੱਟਾਂਗੀ ਤੇਰੇ ਦਿਲ 'ਚ ਮੈਂ
ਬਣ ਸੁਖ਼ਨ ਤੇਰਾ ਸਫ਼ਾ ਚੁੰਮਣ ਦੀ ਹਾਂ ਮੈਂ ਆਰਜ਼ੂ

ਥੋਹਰ ਵਰਗੀ ਹੋਂਦ ਨਾ, ਚਾਹੁੰਦੀ ਮੈਂ ਤੇਰੇ ਬਾਗ਼ ਵਿੱਚ
ਫਿਰ ਕਦੇ ਗੁਲਮੋਹਰ ਬਣ ਹੋਵਾਂਗੀ ਤੇਰੇ ਰੂਬਰੂ

ਹਰ ਕੋਈ ਕਿਰਦਾਰ ਇਸ ਵਿਚਲਾ ਕਿਵੇਂ ਜੀਅ ਉੱਠਿਆ
ਜਦ ਕਥਾ ਹੋਈ ਤੇਰੇ ਹੁੰਗਾਰਿਆਂ ਦੇ ਰੂਬਰੂ